


ਸੱਚੀ ਅਤੇ ਨਿਰਪੱਖ ਵਿਚਾਰਧਾਰਾ

CEE7NEWS

Daily Digital Edition

"ਸੱਚਾ ਬੰਦਾ ਲੱਖ ਘਾਟੇ ਹੱਸ ਕੇ ਜਰ ਸਕਦਾ ਪਰ ਉਹ ਕਦੇ ਚਲਾਕੀਆਂ ਨਹੀਂ ਜਰਦਾ"

Reg No: AAA1353 | Ludhiana, Tuesday 11 November, 2025 | Website: www.cee7news.com

# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਵਿਦਿਆਰਥੀਆਂ ਦਾ ਵੱਡਾ ਵਿਰੋਧ ਪ੍ਰਦਰਸ਼ਨ

## ਵਿਦਿਆਰਥੀ ਸੈਨੇਟ ਚੋਣਾਂ ਦੀ ਘੋਸ਼ਣਾ ਦੀ ਮੰਗ ਨਾਲ ਸੜਕਾਂ ਤੇ ਉੱਤਰ ਆਏ






ਚੰਡੀਗੜ੍ਹ: (ਰਵਨੀਤ ਲਾਂਬਾ)

ਪੰਜਾਬ ਯੂਨੀਵਰਸਿਟੀ (ਪੀਯੂ) ਚੰਡੀਗੜ੍ਹ ਵਿੱਚ ਵਿਦਿਆਰਥੀਆਂ ਦਾ ਵੱਡਾ ਵਿਰੋਧ ਪ੍ਰਦਰਸ਼ਨ ਜਾਰੀ ਹੈ। ਵਿਦਿਆਰਥੀ ਸੈਨੇਟ ਚੋਣਾਂ ਦੀ ਘੋਸ਼ਣਾ ਦੀ ਮੰਗ ਨਾਲ ਸੜਕਾਂ ਤੇ ਉੱਤਰ ਆਏ ਹਨ। ਕੇਂਦਰ ਸਰਕਾਰ ਵੱਲੋਂ ਪੀਯੂ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਦੀ ਕੋਸ਼ਿਸ਼ ਨੂੰ ਲੈ ਕੇ ਪੰਜਾਬ ਵਿੱਚ ਰਾਜਨੀਤਿਕ ਤਣਾਅ ਵਧ ਗਿਆ ਹੈ। ਹਾਲਾਂਕਿ ਕੇਂਦਰ ਨੇ 7 ਨਵੰਬਰ ਨੂੰ ਆਪਣੀ ਨੋਟੀਫਿਕੇਸ਼ਨ ਵਾਪਸ ਲੈ ਲਈ, ਪਰ ਵਿਦਿਆਰਥੀ ਚੋਣਾਂ ਦੀ ਤਾਰੀਖ਼ ਨਾ ਘੋਸ਼ਿਤ ਹੋਣ ਕਾਰਨ ਪੀਯੂ ਬਚਾਓ ਮੋਰਚੇ ਨੇ 'ਪੀਯੂ ਬੰਦ੍ਹ' ਦਾ ਐਲਾਨ ਕੀਤਾ ਹੈ। ਇਸ ਨਾਲ ਯੂਨੀਵਰਸਿਟੀ ਵਿੱਚ ਭਾਰੀ ਪੁਲਿਸ ਤਾਇਨਾਤੀ ਵੀ ਕੀਤੀ ਗਈ ਹੈ।

ਵਿਦਿਆਰਥੀਆਂ ਨੇ ਸਵੇਰੇ ਤੋਂ ਹੀ ਯੂਨੀਵਰਸਿਟੀ ਦੇ ਗੇਟਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਗੇਟ ਨੰਬਰ 1 ਤੋਂ ਵਿਦਿਆਰਥੀ ਕੈਂਪਸ ਵਿੱਚ ਦਾਖ਼ਲ ਹੋ ਗਏ ਅਤੇ ਪੁਲਿਸ ਨਾਲ ਝੜਪਾ ਹੋ ਗਿਆ। ਚੰਡੀਗੜ੍ਹ ਪੁਲਿਸ ਨੇ ਲਾਠੀਚਾਰਜ ਕੀਤਾ, ਜਿਸ ਨਾਲ ਕਈ ਵਿਦਿਆਰਥੀ ਜ਼ਖ਼ਮੀ ਹੋ ਗਏ। ਵੀਡੀਓ ਫੁਟੇਜ ਵਿੱਚ ਵਿਦਿਆਰਥੀ ਬੈਰੀਕੇਡਾਂ ਨੂੰ ਹਟਾਉਂਦੇ ਅਤੇ ਪੁਲਿਸ ਵਾਲੇ ਲਾਠੀਆਂ ਵਜਾਉਂਦੇ ਨਜ਼ਰ ਆ ਰਹੇ ਹਨ। ਐਸਐਸਪੀ ਚੰਡੀਗੜ੍ਹ ਕਨਵਰਦੀਪ ਕੌਰ ਨੇ ਗੇਟ ਤੇ ਚੜ੍ਹ ਕੇ ਵਿਦਿਆਰਥੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਵਿਦਿਆਰਥੀਆਂ ਨੇ ਉਹਨਾਂ ਨੂੰ ਵੀ ਚੁੱਕ ਲਿਆ। ਨਿਹੰਗ ਸਿੰਘ ਅਤੇ ਕਿਸਾਨ ਯੂਨੀਅਨਾਂ ਦੇ ਨੇਤਾ ਵੀ ਵਿਰੋਧ ਵਿੱਚ ਸ਼ਾਮਲ ਹੋ ਗਏ ਹਨ। ਬੀਕੇਯੂ (ਦੋਆਬਾ) ਨੇ ਗੰਨੇ ਦੇ ਬਕਾਇਆ ਨੂੰ ਲੈ ਕੇ ਵੀ ਅੰਦੋਲਨ ਨੂੰ ਹੁਲਾਰਾ ਦਿੱਤਾ ਹੈ। ਪੀਯੂ ਕੈਂਪਸ ਵਿੱਚ ਭਾਰੀ ਬੈਰੀਕੇਡ ਲੱਗੇ ਹੋਏ ਹਨ ਅਤੇ ਚੰਡੀਗੜ੍ਹ-ਮੋਹਾਲੀ-ਜ਼ੀਰਕਪੁਰ ਬਾਰਡਰ ਤੇ ਚੈੱਕ ਪੁਆਇੰਟ ਬਣਾਏ ਗਏ ਹਨ। ਵਾਹਨਾਂ ਵਿੱਚ ਸਟਿੱਕਰ ਅਤੇ ਆਈਡੀ ਕਾਰਡ ਚੈੱਕ ਕੀਤੇ ਜਾ ਰਹੇ ਹਨ, ਜਿਸ ਨਾਲ ਟ੍ਰੈਫਿਕ ਜਾਮ ਵੀ ਹੋ ਗਿਆ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੇ 10 ਅਤੇ 11 ਨਵੰਬਰ ਨੂੰ ਛੁੱਟੀ ਐਲਾਨ ਕੀਤੀ ਹੈ ਅਤੇ ਬਾਹਰੀ ਲੋਕਾਂ ਨੂੰ ਐਂਟਰੀ ਬੰਦ ਕਰ ਦਿੱਤੀ ਹੈ। ਡੀਨ ਸਟੂਡੈਂਟ ਵੈਲਫੇਅਰ ਅਮਿਤ ਚੌਹਾਨ ਨੇ ਵਿਦਿਆਰਥੀ ਸੰਗਠਨਾਂ ਨਾਲ ਮੀਟਿੰਗ ਕੀਤੀ ਅਤੇ ਸ਼ਾਂਤੀ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ। ਪਰ ਵਿਦਿਆਰਥੀ ਨੇਤਾ ਰਾਮਨ ਸਿੰਘ ਅਤੇ ਅਭਿਸ਼ੇਕ ਦਗਰ ਨੇ ਕਿਹਾ ਕਿ ਉਹ ਚੋਣਾਂ ਦੀ ਤਾਰੀਖ਼ ਨਾ ਆਉਣ ਤੱਕ ਅੰਦੋਲਨ ਜਾਰੀ ਰੱਖਣਗੇ। ਰਜਿਸਟਰਾਰ ਪ੍ਰੋਫੈਸਰ ਵਾਈ.ਪੀ. ਵਰਮਾ ਨੇ ਵੀ ਅਕਾਦਮਿਕ ਗਤੀਵਿਧੀਆਂ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ ਹੈ।

ਇਸ ਵਿਚਕਾਰ, ਕੇਂਦਰ ਦੀ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਨਾਲ ਵੀ ਤਣਾਅ ਘੱਟ ਨਹੀਂ ਹੋਇਆ। 28 ਅਕਤੂਬਰ ਨੂੰ ਜਾਰੀ ਨੋਟੀਫਿਕੇਸ਼ਨ ਵਿੱਚ ਸੈਨੇਟ ਦੇ 91 ਮੈਂਬਰਾਂ ਨੂੰ ਘਟਾ ਕੇ 31 ਕਰਨ ਅਤੇ ਸਿੰਡੀਕੇਟ ਚੋਣਾਂ ਨੂੰ ਖਤਮ ਕਰਨ ਦਾ ਪ੍ਰਸਤਾਵ ਸੀ, ਜੋ ਪੰਜਾਬ ਨੂੰ ਚੰਡੀਗੜ੍ਹ ਤੇ ਅਧਿਕਾਰ ਘਟਾਉਣ ਵਾਲਾ ਮੰਨਿਆ ਗਿਆ। ਪੰਜਾਬ ਸੀਐਮ ਭਗਵੰਤ ਮਾਨ ਨੇ ਇਸ ਨੂੰ 'ਪੰਜਾਬ ਵਿਰੋਧੀ' ਕਹਿ ਕੇ ਹਾਈਕੋਰਟ ਵਿੱਚ ਚੁਣੌਤੀ ਦੇਣ ਦਾ ਐਲਾਨ ਕੀਤਾ। ਐਸਏਡੀ ਐੱਮਪੀ ਹਰਸਿਮਰਤ ਕੌਰ ਬਾਦਲ ਨੇ ਵੀ ਕੇਂਦਰ ਦੀ ਨੀਤੀ ਨੂੰ ਟਿੱਟਾ ਮਾਰਿਆ ਅਤੇ ਯੂਨੀਵਰਸਿਟੀ ਦੀ ਪਵਿੱਤਰਤਾ ਨੂੰ ਬਚਾਉਣ ਦੀ ਅਪੀਲ ਕੀਤੀ। ਕਾਂਗਰਸ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਰਾਜਾ ਵਾਰਿੰਗ ਨੇ ਪੁਲਿਸ ਦੀ ਬਰਬਰਤਾ ਦੀ ਨਿੰਦਾ ਕੀਤੀ ਅਤੇ ਵਿਦਿਆਰਥੀਆਂ ਨਾਲ ਹਮਦਰਦੀ ਜ਼ਾਹਰ ਕੀਤੀ। ਭਾਜਪਾ ਵਿਰੋਧੀ ਭਾਵਨਾ ਵਧ ਰਹੀ ਹੈ, ਜੋ ਇਸ ਨੂੰ 'ਸੈਫ਼ਰਨਾਈਜ਼ੇਸ਼ਨ' ਦਾ ਇੱਕ ਹਿੱਸਾ ਮੰਨ ਰਹੇ ਹਨ।

ਪੀਸੀਐਸਸੀ ਨੇਤਾ ਅਸ਼ਮੀਤ ਸਿੰਘ ਨੇ ਕਿਹਾ ਕਿ ਵਿਰੋਧ ਸ਼ਾਂਤੀਪੂਰਨ ਹੈ, ਪਰ ਪ੍ਰਸ਼ਾਸਨ ਅੰਡੋਲਨ ਨੂੰ ਦਬਾਉਣ ਵਿੱਚ ਲੱਗਾ ਹੈ। ਐੱਮਪੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਵੀ ਮੋਰਚੇ ਵਿੱਚ ਸ਼ਾਮਲ ਹੋ ਗਏ। ਡਾ. ਸਵਰਨ ਸਿੰਘ ਬੋਪਾਰਈ ਵਰਗੇ ਸਾਬਕਾ ਵਾਈਸ ਚਾਂਸਲਰ ਨੇ ਵੀ ਵਿਦਿਆਰਥੀਆਂ ਨੂੰ ਸਮਰਥਨ ਦਿੱਤਾ। ਚੰਡੀਗੜ੍ਹ ਐਡਮਿਨਿਸਟ੍ਰੇਸ਼ਨ ਨੇ ਸਾਊਂਡ ਸਿਸਟਮ ਅਤੇ ਟੈਂਟ ਨਹੀਂ ਦੇਣ ਦੇ ਹੁਕਮ ਜਾਰੀ ਕੀਤੇ, ਜਿਸ ਨਾਲ ਵਿਦਿਆਰਥੀਆਂ ਵਿੱਚ ਗੁੱਸਾ ਵਧਿਆ। ਬਾਹਰਲੇ ਰਾਜਨੇਤਾ ਅਤੇ ਕਿਸਾਨ ਯੂਨੀਅਨਾਂ ਨੂੰ ਰੋਕਣ ਲਈ ਭਾਰੀ ਟ੍ਰੱਕ ਅਤੇ ਟਿਪਰ ਵੀ ਲੱਗੇ ਹੋਏ ਹਨ।

ਪੀਯੂ 1882 ਵਿੱਚ ਲਾਹੌਰ ਵਿੱਚ ਸਥਾਪਿਤ ਹੋਈ ਸੀ ਅਤੇ ਵੰਡ ਤੋਂ ਬਾਅਦ ਚੰਡੀਗੜ੍ਹ ਆਈ। ਇਹ ਪੰਜਾਬ ਦੀ ਵਿਰਾਸਤ ਦਾ ਪ੍ਰਤੀਕ ਹੈ। ਵਿਦਿਆਰਥੀ ਇਸ ਨੂੰ 'ਪੰਜਾਬੀਅਤ' ਨਾਲ ਜੋੜ ਕੇ ਵੇਖ ਰਹੇ ਹਨ। ਅੰਦੋਲਨ ਨਾਲ ਯੂਨੀਵਰਸਿਟੀ ਦੀ ਆਜ਼ਾਦੀ ਨੂੰ ਬਚਾਉਣ ਦਾ ਸੁਨੇਹਾ ਜਾਰੀ ਹੈ। ਰਾਜਨੀਤਕ ਪਾਰਟੀਆਂ ਨੇ ਵੀ ਵਿਦਿਆਰਥੀਆਂ ਨੂੰ ਸਮਰਥਨ ਦਿੱਤਾ ਹੈ ਅਤੇ ਕੇਂਦਰ ਨੂੰ ਚੁਣੌਤੀ ਦਿੱਤੀ ਹੈ। ਇਹ ਵਿਰੋਧ ਪੰਜਾਬ ਦੀ ਰਾਜਨੀਤਕ ਇਤਿਹਾਸ ਵਿੱਚ ਮਹੱਤਵਪੂਰਨ ਹੋ ਸਕਦਾ ਹੈ। ਵਿਦਿਆਰਥੀਆਂ ਨੇ ਲੰਗਰ ਵੀ ਲਾਇਆ ਹੈ ਅਤੇ ਅੰਦੋਲਨ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕੀਤਾ ਹੈ।

## ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ, ਸੁਪਰੀਮ ਕੋਰਟ ਨੇ ਪਟੀਸ਼ਨ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ



ਪੰਜਾਬ ਦੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ, ਜੋ ਕਿ ਰੈਡੀਕਲ ਸਿੱਖ ਪ੍ਰੈਚਰ ਵਜੋਂ ਜਾਣੇ ਜਾਂਦੇ ਹਨ, ਨੇ ਆਪਣੀ ਨਜ਼ਰਬੰਦੀ ਅਤੇ ਰਾਸ਼ਟਰੀ ਸੁਰੱਖਿਆ ਐਕਟ (ਐੱਨਐੱਸਏ) ਵਿਰੁੱਧ ਸੁਪਰੀਮ ਕੋਰਟ ਦਾ ਰੁੱਖ ਕੀਤਾ ਹੈ। ਅੱਜ, 10 ਨਵੰਬਰ 2025 ਨੂੰ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ ਇਹ ਵਿਕਾਸ ਅੰਮ੍ਰਿਤਪਾਲ ਦੇ ਕਾਨੂੰਨੀ ਸੰਘਰਸ਼ ਵਿੱਚ ਨਵਾਂ ਮੋੜ ਹੈ, ਜੋ 2023 ਤੋਂ ਚੱਲ ਰਿਹਾ ਹੈ।ਅੰਮ੍ਰਿਤਪਾਲ ਸਿੰਘ, 'ਵਾਰਿਸ ਪੰਜਾਬ ਦੇ' ਸੰਸਥਾ ਦੇ ਮੁਖੀ, ਨੂੰ ਫਰਵਰੀ 2023 ਵਿੱਚ ਅਜਨਾਲਾ ਪੁਲਿਸ ਸਟੇਸ਼ਨ 'ਤੇ ਹਮਲੇ ਨਾਲ ਜੁੜੇ ਕੇਸਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਅੰਮ੍ਰਿਤਪਾਲ ਨੇ ਜੇਲ੍ਹ ਤੋਂ ਹੀ ਆਜ਼ਾਦ ਉਮੀਦਵਾਰ ਵਜੋਂ ਖਡੂਰ ਸਾਹਿਬ ਵਿੱਚ ਜਿੱਤ ਹਾਸਲ ਕੀਤੀ। ਇਹ ਜਿੱਤ ਉਨ੍ਹਾਂ ਦੀ ਲੋਕੀਅਤਾ ਨੂੰ ਦਰਸਾਉਂਦੀ ਹੈ, ਜਿੱਥੇ ਉਹ ਨਸ਼ਾ ਵਿਰੋਧੀ ਮੁਹਿੰਮ ਅਤੇ ਸਿੱਖ ਮੁੱਦਿਆਂ ਲਈ ਜਾਣੇ ਜਾਂਦੇ ਹਨ। ਜੁਲਾਈ 2024 ਵਿੱਚ ਉਨ੍ਹਾਂ ਨੂੰ ਸਹੁੰ ਚੁੱਕਣ ਲਈ ਪੈਰੋਲ ਮਿਲੀ, ਪਰ ਐੱਨਐੱਸਏ ਨੂੰ ਤੀਜੀ ਵਾਰ ਵਧਾ ਦਿੱਤਾ ਗਿਆ। ਫਰਵਰੀ 2025 ਵਿੱਚ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਗਈ, ਜਿੱਥੇ ਲੋਕ ਸਭਾ ਨੇ ਉਨ੍ਹਾਂ ਨੂੰ 54 ਦਿਨਾਂ ਦੀ ਛੁੱਟੀ ਦਿੱਤੀ। ਪਰ ਉਨ੍ਹਾਂ ਨੂੰ ਅੰਦਰੂਨੀ ਬਿਆਨਾਂ ਅਤੇ ਸੋਸ਼ਲ ਮੀਡੀਆ ਪੋਸਟਾਂ ਨੂੰ ਅਧਾਰ ਬਣਾ ਕੇ ਨਜ਼ਰਬੰਦੀ ਵਧਾਈ ਗਈ।

ਅੰਮ੍ਰਿਤਪਾਲ ਦੀ ਟੀਮ ਨੇ ਜੁਲਾਈ 2025 ਵਿੱਚ ਐੱਨਐੱਸਏ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਦਾ ਐਲਾਨ ਕੀਤਾ। ਨਵੰਬਰ 2025 ਵਿੱਚ ਇਹ ਪਟੀਸ਼ਨ ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਐੱਨ.ਵੀ. ਅੰਜਾਨੀਆ ਦੇ ਬੈਂਚ ਸਾਹਮਣੇ ਆਈ। ਪਟੀਸ਼ਨ ਵਿੱਚ ਕਿਹਾ ਗਿਆ ਕਿ ਐੱਨਐੱਸਏ ਉਨ੍ਹਾਂ ਦੀ ਨਿੱਜੀ ਆਜ਼ਾਦੀ ਦਾ ਉਲੰਘਣ ਹੈ ਅਤੇ ਇਹ ਅਸੰਵਿਧਾਨਕ ਹੈ। ਭਾਰਤ ਅਤੇ ਪੰਜਾਬ ਸਰਕਾਰਾਂ ਨੂੰ ਪਾਰਟੀ ਬਣਾਇਆ ਗਿਆ, ਜਿਸ ਵਿੱਚ ਅੰਮ੍ਰਿਤਸਰ ਡਿਪਟੀ ਕਮਿਸ਼ਨਰ ਅਤੇ ਡਿਬਰੂਗੜ੍ਹ ਜੇਲ੍ਹ ਅਧਿਕਾਰੀ ਵੀ ਸ਼ਾਮਲ ਹਨ। ਅਦਾਲਤ ਨੇ ਕਿਹਾ ਕਿ ਪਹਿਲਾਂ ਹਾਈ ਕੋਰਟ ਵਿੱਚ ਜਾਓ, ਅਤੇ ਉੱਥੇ ਤੇਜ਼ੀ ਨਾਲ ਸੁਣਵਾਈ ਕਰੋ। ਇਹ ਫੈਸਲਾ ਅੰਮ੍ਰਿਤਪਾਲ ਲਈ ਨਿਰਾਸ਼ਾਜਨਕ ਹੈ, ਪਰ ਉਨ੍ਹਾਂ ਦੇ ਵਕੀਲ ਇਮਾਨ ਸਿੰਘ ਖਾੜ੍ਹਾ ਨੇ ਕਿਹਾ ਕਿ ਹਾਈ ਕੋਰਟ ਵਿੱਚ ਮਜ਼ਬੂਤ ਕੇਸ ਲੜਿਆ ਜਾਵੇਗਾ।

## ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਦਾ ਲੀਚੀ ਉਤਪਾਦਨ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕਰ ਰਿਹਾ ਹੈ : ਮੁੱਖ ਮੰਤਰੀ ਭਗਵੰਤ ਸਿੰਘ ਮਾਨ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਾਲ ਹੀ ਵਿੱਚ ਕਿਹਾ ਹੈ ਕਿ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਦਾ ਲੀਚੀ ਉਤਪਾਦਨ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕਰ ਰਿਹਾ ਹੈ। ਉਨ੍ਹਾਂ ਨੇ ਸਿੱਧੇ ਤੌਰ 'ਤੇ ਇਹ ਦਾਅਵਾ ਨਹੀਂ ਕੀਤਾ ਕਿ ਪੰਜਾਬ ਲੀਚੀ ਦਾ ਨੰਬਰ ਇੱਕ ਉਤਪਾਦਕ ਸੂਬਾ ਹੈ, ਪਰ ਉਨ੍ਹਾਂ ਨੇ ਪੰਜਾਬ ਦੀ ਲੀਚੀ ਦੀ ਗੁਣਵੱਤਾ ਅਤੇ ਇਸ ਦੀ ਬਰਾਮਦ ਨੂੰ ਲੈ ਕੇ ਖੁਸ਼ੀ ਜ਼ਾਹਰ ਕੀਤੀ ਹੈ।

ਮੁੱਖ ਮੰਤਰੀ ਮਾਨ ਨੇ ਪਠਾਨਕੋਟ ਦੀ "ਰੋਜ਼-ਸੈਂਟੇਡ" (ਗੁਲਾਬੀ ਖੁਸ਼ਬੂ ਵਾਲੀ) ਲੀਚੀ ਨੂੰ ਪਹਿਲੀ ਵਾਰ ਕਤਰ ਅਤੇ ਸੰਯੁਕਤ ਅਰਬ ਅਮੀਰਾਤ (UAE) ਦੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਭੇਜੇ ਜਾਣ 'ਤੇ ਕਿਸਾਨਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਮਿਹਨਤੀ ਕਿਸਾਨਾਂ ਦੀ ਮਿਹਨਤ ਦਾ ਨਤੀਜਾ ਹੈ, ਜਿਸ ਨਾਲ ਸੂਬੇ ਦੇ ਉਤਪਾਦਾਂ ਨੂੰ ਆਲਮੀ ਪਛਾਣ ਮਿਲ ਰਹੀ ਹੈ।ਭਗਵੰਤ ਮਾਨ ਨੇ ਫਲ ਅਤੇ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਕੇ ਫ਼ਸਲੀ ਵਿਭਿੰਨਤਾ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਕਣਕ-ਝੋਨੇ ਦੇ ਰਵਾਇਤੀ ਚੱਕਰ ਵਿੱਚੋਂ ਕੱਢ ਕੇ ਉਨ੍ਹਾਂ ਦੀ ਆਮਦਨ ਵਧਾਉਣੀ ਜ਼ਰੂਰੀ ਹੈ। ਸਰਕਾਰ ਨੇ ਇਸ ਮੰਤਵ ਲਈ ਪਠਾਨਕੋਟ ਵਿੱਚ ਇੱਕ 'ਲੀਚੀ ਅਸਟੇਟ' ਵੀ ਸਥਾਪਿਤ ਕੀਤੀ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਿੱਧੇ ਤੌਰ 'ਤੇ ਇਹ ਦਾਅਵਾ ਨਹੀਂ ਕੀਤਾ ਕਿ ਪੰਜਾਬ ਲੀਚੀ ਦਾ ਨੰਬਰ ਇੱਕ ਉਤਪਾਦਕ ਸੂਬਾ ਬਣ ਗਿਆ ਹੈ, ਪਰ ਉਨ੍ਹਾਂ ਨੇ ਸੂਬੇ ਦੀ ਲੀਚੀ ਦੀ ਗੁਣਵੱਤਾ ਅਤੇ ਇਸ ਦੀ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਨੂੰ ਇੱਕ ਵੱਡੀ ਪ੍ਰਾਪਤੀ ਦੱਸਿਆ ਹੈ।

ਮੁੱਖ ਬਿੰਦੂ: ਆਲਮੀ ਪਛਾਣ: ਮੁੱਖ ਮੰਤਰੀ ਮਾਨ ਨੇ ਪਠਾਨਕੋਟ ਦੀ "ਰੋਜ਼-ਸੈਂਟੇਡ" (ਗੁਲਾਬੀ ਖੁਸ਼ਬੂ ਵਾਲੀ) ਲੀਚੀ ਨੂੰ ਪਹਿਲੀ ਵਾਰ ਕਤਰ (ਦੋਹਾ) ਅਤੇ ਸੰਯੁਕਤ ਅਰਬ ਅਮੀਰਾਤ (UAE) ਦੇ ਬਾਜ਼ਾਰਾਂ ਵਿੱਚ ਬਰਾਮਦ ਕੀਤੇ ਜਾਣ 'ਤੇ ਖੁਸ਼ੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਕਿਸਾਨਾਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ, ਜਿਸ ਨਾਲ ਪੰਜਾਬ ਦੇ ਉਤਪਾਦਾਂ ਨੂੰ ਵਿਸ਼ਵ ਪੱਧਰ 'ਤੇ ਨਵੀਂ ਪਛਾਣ ਮਿਲ ਰਹੀ ਹੈ।ਫ਼ਸਲੀ ਵਿਭਿੰਨਤਾ 'ਤੇ ਜ਼ੋਰ: ਭਗਵੰਤ ਮਾਨ ਨੇ ਫਲ ਅਤੇ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਕੇ ਫ਼ਸਲੀ ਵਿਭਿੰਨਤਾ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਮੁੱਖ ਮਕਸਦ ਕਿਸਾਨਾਂ ਨੂੰ ਕਣਕ-ਝੋਨੇ ਦੇ ਰਵਾਇਤੀ ਚੱਕਰ ਵਿੱਚੋਂ ਕੱਢ ਕੇ ਉਨ੍ਹਾਂ ਦੀ ਆਮਦਨ ਵਧਾਉਣਾ ਹੈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

# ਅਹੁਦੇ ਕੁਰਸੀਆਂ! (ਮਨਦੀਪ ਕੌਰ ਟਾਂਗਰਾ)



ਸਹੀ ਪਹਿਲੂ ਦੀ ਮਦਦ ਲਈ,
ਆਪਣੇ ਕਿਸੇ ਖ਼ਾਸ ਨੇਤਾ ਜਾਂ ਪੁਲਿਸ ਅਫ਼ਸਰ ਨੂੰ
ਫ਼ੋਨ ਲਾਉਣ ਨੂੰ ਅਹਿਸਾਨ ਨਹੀਂ ਗਿਣਿਆ ਜਾਣਾ ਚਾਹੀਦਾ।
ਨਾ ਹੀ ਤੁਹਾਡਾ ਅਹਿਸਾਨ ਉਸ ਉੱਤੇ ਜਿਸਦੀ
ਤੁਸੀਂ ਮਦਦ ਕਰ ਰਹੇ ਹੋ, ਨਾ ਹੀ ਉਸ ਨੇਤਾ ਜਾਂ
ਅਫ਼ਸਰ ਦਾ ਤੁਹਾਡੇ ਉੱਤੇ ਅਹਿਸਾਨ ਹੈ ਜੋ
ਆਪਣਾ ਫ਼ਰਜ਼ ਨਿਭਾ ਰਿਹਾ ਹੈ। ਇਹ ਉਹਨਾਂ
ਦੀ ਡੀਊਟੀ ਹੁੰਦੀ ਤੇ ਸਾਡਾ ਉਹਨਾਂ ਦੀ ਡੀਊਟੀ
ਕਰਨ ਵਿੱਚ ਉਹਨਾਂ ਦੀ ਮਦਦ ਕਰਨ ਦਾ
ਇੱਕ ਉਪਰਾਲਾ। ਇੰਨੀ ਜ਼ਿਆਦਾ ਅਬਾਦੀ ਹੈ
ਸਾਡੇ ਦੇਸ਼ ਦੀ ਕਿ ਇੰਝ ਹੋਣਾ ਸੁਭਾਵਕ ਹੈ,
ਪਰ ਬਹੁਤ ਲੋਕ ਕੋਸ਼ਿਸ਼ ਹੀ ਨਹੀਂ ਕਰਦੇ ਕਿ
ਅਫ਼ਸਰ ਦਾ ਵਿਧਾਇਕ ਨੂੰ ਕਹਿ ਕੇ ਕਿਸੇ ਲੋੜਵੰਦ
ਦਾ ਮਸਲਾ ਹੱਲ ਕਰਵਾ ਦਿੱਤਾ ਜਾਵੇ। ਜਦ
ਅਹੁਦੇ ਤੇ ਬੈਠੇ ਕੋਲੋਂ ਸਹੀ ਬੰਦੇ ਦੇ ਪੱਖ ਦੀ ਗੱਲ ਹੋ
ਜਾਵੇ, ਉਸ ਨੂੰ ਵੀ ਸਕੂਨ ਹੀ ਮਿਲਦਾ ਹੈ, ਉਸਦਾ ਤੁਹਾਡੇ ਤੇ
ਵਿਸ਼ਵਾਸ ਵੱਧਦਾ ਹੈ, ਬਸ਼ਰਤੇ ਅਸੀਂ ਸਹੀ ਧਿਰ ਦਾ
ਸਾਥ ਦਈਏ ਨਾ ਕਿ ਉਸ ਤੋਂ ਗਲਤ ਦਾ ਸਾਥ
ਦਵਾ ਕੇ ਉਸਦੀ ਕੁਰਸੀ ਜਾਂ ਅਹੁਦੇ ਨੂੰ
ਖ਼ਤਰੇ ਵਿੱਚ ਪਾਈਏ।
- ਮਨਦੀਪ ਕੌਰ ਟਾਂਗਰਾ

# ਬੇ-ਸਬਰਿਆਂ ਨੂੰ ਸਬਰ ਸਮਝਾ ਲੈਂਦੇ, ਮੈਨੂੰ ਸਹਿਜੇ-ਸਹਿਜ ਦੁਨੀਆਂ ਤੇ ਛਾ ਲੈਂਦੇ



ਜੇਕਰ ਵਾਕਿਆ ਈ ਅਸੀ ਸਮਾਜ ਲਈ ਕੁੱਝ ਚੰਗਾ ਕਰਨ ਦੀ ਪਹਿਲ ਕਰ ਰਹੇ ਹਾਂ.
ਤਾ ਸਭ ਤੋਂ ਪਹਿਲਾਂ ਸਾਡੇ ਕੋਲ ਕਲਾਤਮਿਕ ਗੁਣਾ ਦੇ ਨਾਲ-ਨਾਲ
ਵੱਡੇ ਘਾਟੇ ਝੱਲਣ ਦੇ ਜਿੱਗਰੇ ਦਾ ਹੋਣਾ ਬਹੁਤ ਜਰੂਰੀ ਹੁੰਦਾ ਹੈ,
ਵਰਨਾ ਕਦਮ ਡਗਮਾਉਂਣ ਲੱਗੇ ਝੱਟ ਨ੍ਹੀ ਲਾਉਂਦੇ,
ਤੇ ਇਸ ਸੁਪਨਿਆਂ ਰੂਪੀ ਬਾਹਰੋਂ ਖ਼ੂਬਸੂਰਤ
ਅੰਦਰੋਂ ਕਾਲਖ ਕੋਠੜੀ ਦੁਨੀਆਂ ਵਿੱਚ
ਲਾਲਚ ਦਿਖਾ ਆਪਣੇ ਜਾਲ਼ ਚ ਫਸਾਉਣ ਵਾਲੇ ਵਪਾਰੀ
ਤੁਹਾਨੂੰ ਪੈਰ-ਪੈਰ ਤੇ ਸਤੱਰਕ ਮਿਲਣਗੇ,
ਤੇ ਇਸ ਬਨਾਵਟੀ ਦੁਨੀਆਂ ਵਿੱਚ ਕਿਸੇ ਤੋਂ
ਸਹਿਯੋਗ ਦੀ ਉਮੀਂਦ ਕਰਨਾ ਵੀ ਵੱਡੀ ਬੇਵਕੂਫੀ
ਤੇ ਸਮੇਂ ਦੀ ਬਰਬਾਦੀ ਹੁੰਦੀ ਹੈ !
ਤੁਹਾਡੀ ਸੋਚ ਦਾ ਦਾਇਰਾ ਅਤੇ ਸ਼ਖਸ਼ੀਅਤੀ ਪ੍ਰਭਾਵ ਏਡਾ ਹੋਵੇ
ਕਿ ਤੁਸੀ ਬਹੁਤੇ ਸਲਾਹੀਆਂ ਅਤੇ ਮਗਜ਼ ਖਾਣਿਆਂ ਨੂੰ ਬੜੇ ਤਰੀਕੇ ਨਾਲ
ਆਪਣੇ ਤੋਂ ਦੂਰ ਰੱਖ ਸਕੋਂ ਤੇ ਚੁੱਪ-ਚਾਪ ਨਿਰੰਤਰ ਉਲੀਕੇ ਮਾਰਗ ਉੱਤੇ ਬੇਖੌਫ ਚੱਲ ਸਕੋ !
ਅਖੀਰ ਇਹ ਗੱਲ ਯਾਦ ਰੱਖੋ ਕਿ
ਤੁਹਾਡੀ ਤਰਫੋਂ ਪ੍ਰਕ੍ਰਿਤੀ ਵਿੱਚ ਪਾਏ ਗਏ ਚੰਗੇ-ਮਾੜੇ ਸਹਿਯੋਗ ਨੇ
ਕਈ ਗੁਣਾਂ ਵੱਧ ਕੇ ਇੱਕ ਦਿਨ ਤੁਹਾਨੂੰ ਹੀ ਵਾਪਸ ਮਿਲਣਾ ਹੈ,
ਇਹ ਕੁਦਰਤ ਦਾ ਸਿਧਾਂਤ ਹੈ !
ਇਸੇ ਤਰਾਂ ਹਾਰ ਮਿਲਣ ਤੇ ਚੀਕਣਾ ਜਿੱਤਣ ਤੇ ਉੱਛਲਣਾਂ
ਦੋਨੋਂ ਹੀ ਸਾਡੇ ਜੀਵਨ ਦੀਆਂ ਭੁੱਲਾਂ ਹਨ !
ਇਸ ਲਈ ਸਹਿਜ ਬਰਕਰਾਰ ਰੱਖਦੇ ਹੋਏ
ਨਿਰੰਤਰ ਪਾਣੀ ਵਾਂਗ ਅੱਗੇ ਵੱਧਦੇ ਰਹੋ,ਰੱਬ ਰਾਖਾ
ਪ੍ਰੋਫੈਸਰ ਰਣਜੀਤ ਕੌਰ,
ਟੂਰਾਂਟੋ।

# ਗਿਆਨੀ ਜਦ ਵੀ ਕਰੇ ਗੁਮਾਨ



ਗਿਆਨੀ ਜਦ ਵੀ ਕਰੇ ਗੁਮਾਨ
ਪਾਪੀ ਜਦ ਕਹਿਲਾਵੇ ਮਹਾਨ
ਪਤਨ ਵੱਲੀਂ ਜਦ ਵਧੇ ਉਠਾਨ
ਮੇਰਾ ਚਿੱਤ ਘਬਰਾ ਜਾਂਦਾ।
ਮੈਨੂੰ ਨਾਨਕ ਚੇਤੇ ਆ ਜਾਂਦਾ।
ਪੰਛੀ, ਪੱਤੇ, ਅੰਬਰ ਪਾਣੀ
ਛੇੜਨ ਜਦ ਕੋਈ ਮਧੁਰ ਕਹਾਣੀ
ਰੂਹ ਵਿੱਚ ਉਤਰੇ ਤੇਰੀ ਬਾਣੀ
ਬੁਝਿਆ ਮਨ ਹਰਸ਼ਾ ਜਾਂਦਾ।
ਮੈਨੂੰ ਨਾਨਕ ਚੇਤੇ ਆ ਜਾਂਦਾ।
ਕਿੱਥੇ ਹੁਣ ਹਰ ਘਰ ਧਰਮਸਾਲ
ਦਿਖਾਵਾ ਹੀ ਬਸ ਬਣੇ ਮਿਸਾਲ
ਚੱਲਿਆ ਕਲਯੁਗ ਕੇਹੀ ਚਾਲ
ਇਸਦਾ ਰੂਪ ਡਰਾ ਜਾਂਦਾ।
ਮੈਨੂੰ ਨਾਨਕ ਚੇਤੇ ਆ ਜਾਂਦਾ।
ਜਦ ਜਦ ਵੀ ਅਤਿ ਰੂਪ ਦਿਖਾਵੇ
ਮਨ ਮੇਰਾ ਡਿਕ ਡੋਲੇ ਖਾਵੇ
ਨਾਨਕ ਦੀ ਸਿੱਖਿਆ ਰਾਹ ਦਿਖਾਵੇ
ਭਾਵੇਂ ਕਲ੍ਹਿ ਪੂਰੀ ਵਾਹ ਲਾ ਜਾਂਦਾ।
ਮੈਨੂੰ ਨਾਨਕ ਚੇਤੇ ਆ ਜਾਂਦਾ।
ਤੇਰਾ ਤੇਰਾ ਛੱਡ ਮੇਰਾ ਮੇਰਾ ਹੋਈ
ਮੇਰ ਮੇਰ 'ਚੀ ਹਾਨੀ ਹੋਈ
ਲੁਕ ਕੇ ਤਨ ਵਿਚ ਰੂਹ ਹੈ ਰੋਈ
ਤੂੰ ਹੁੰਦਾ, ਯੁੱਗ ਪਲਟਾ ਜਾਂਦਾ।
ਮੈਨੂੰ ਨਾਨਕ ਚੇਤੇ ਆ ਜਾਂਦਾ
ਗੁਰੂ ਨਾਨਕ ਚੇਤੇ ਆ ਜਾਂਦਾ
ਬਾਬਾ ਨਾਨਕ ਚੇਤੇ ਆ ਜਾਂਦਾ।
ਨਰਿੰਦਰ ਕੌਰ ਮਠਾੜੂ

# ਮਨ ਦੇ ਵਲਵਲੇ - ਸਨਦੀਪ ਸਿੱਧੂ



ਦੁਨੀਆਂ ਚ ਹਰ ਪਲ ਕਿੰਨ੍ਹੇ ਹੀ ਲੋਕ ਮਰਦੇ ਆ, ਪਰ ਕਿਸੇ ਆਪਣੇ ਦੀ ਮੌਤ ਬੰਦੇ ਨੂੰ ਸੁੰਨ ਜਿਹਾ ਕਰ ਦੇਂਦੀ ਆ। ਪਤਾ ਨਹੀਂ ਮੌਤ ਚੀਜ ਕੀ ਆ, ਮੌਤ ਤੋਂ ਬਾਅਦ ਕੀ ਆ, ਕੋਈ ਹੋਰ ਦੁਨੀਆ, ਕੋਈ ਹੋਰ ਜੀਵਨ ਕੁਝ ਵੀ ਨਹੀਂ ਪਤਾ। ਪਰ ਇੱਕ ਗੱਲ ਸਾਰਿਆਂ ਨੂੰ ਬਾਖ਼ੂਬੀ ਪਤਾ ਹੁੰਦੀ ਐ ਕਿ ਇੱਕ ਦਿਨ ਸਾਰਿਆਂ ਨੇ ਮਰ ਜਾਣਾ, ਜੋ ਵੀ ਇਸ ਦੁਨੀਆ ਤੇ ਆਇਆ ਓਨੇ ਇੱਕ ਦਿਨ ਜਾਣਾ ਹੀ ਜਾਣਾ ਤੇ ਜੋ ਵੀ ਸਫਰ ਸ਼ੁਰੂ ਹੋਇਆ ਉਦਾ ਅੰਤ ਹੋਣਾ ਤੈਅ ਆ ਪਰ ਫਿਰ ਵੀ ਮੌਤ ਨੂੰ Accept ਕਰਨਾ ਬਹੁਤ ਹੀ ਜ਼ਿਆਦਾ ਔਖਾ ਆ, ਕਿਸੇ ਦੇ ਜਾਣ ਤੇ ਦੁੱਖ ਹੋਣਾ, ਰੋਣਾ ਕੁਰਲਾਉਣਾ, ਯਕੀਨ ਨਾ ਆਉਣਾ ਇਹ ਸਭ ਹਮੇਸ਼ਾਂ ਹੁੰਦਾ। ਮੈਂ ਅਕਸਰ ਸੋਚਦਾਂ ਕਿ ਜਦੋਂ ਕੋਈ ਮਰ ਜਾਂਦਾ ਤਾਂ ਅਸੀਂ ਇਹ ਸਭ ਕਿਉਂ ਕਰਦੇ ਹਾਂ ਕਿਉਂਕਿ ਇਹ ਸਭ ਹੋਣਾ ਹੀ ਆ ਇਹ ਤੇ ਸਾਨੂੰ ਹਮੇਸ਼ਾਂ ਤੋਂ ਹੀ ਪਤਾ ਸੀ, ਫਿਰ ਜਦੋਂ ਹੋ ਗਿਆ ਤੇ ਸਾਨੂੰ ਏਦਾਂ ਕਿਉਂ ਲਗਦਾ ਕਿ ਐਦਾਂ ਨਹੀਂ ਹੋਣਾ ਚਾਹੀਦਾ ਸੀ ਬਲਕਿ ਅੱਜ ਨਹੀਂ ਤਾਂ ਕਲ ਤੇ ਹੋਣਾ ਹੀ ਹੈ। ਪਰ ਜੇ ਹਰ ਕੋਈ ਇਨਸਾਨ ਇਸ ਗੱਲ ਨੂੰ ਉਸੇ ਤਰ੍ਹਾਂ ਹੀ ਸਮਝ ਲਵੇ ਜਿਵੇਂ ਕਿ ਇਹ ਹੈ ਤਾਂ ਇਸ ਦੁਨੀਆਂ ਦਾ ਵਜੂਦ ਮੁੱਕ ਜਾਵੇਗਾ, ਹਰ ਇਨਸਾਨ ਜਾਣਦਾ ਹੈ ਕਿ ਮੌਤ ਆਉਣੀ ਹੈ, ਇਸ ਲਈ ਉਹ ਦੁੱਖੀ ਨਹੀਂ ਹੋਊਗਾ, ਤੇ ਜੇ ਕਿਸੇ ਦੇ ਜਾਣ ਦਾ ਦੁੱਖ ਨਹੀਂ ਹੋਊਗਾ ਤਾਂ ਕਿਸੇ ਦੇ ਆਉਣ ਦੀ ਖੁਸ਼ੀ ਵੀ ਨਹੀਂ ਹੋਊਗੀ, ਫਿਰ ਜੇ ਨਾ ਦੁੱਖ ਹੋਊਗਾ ਤੇ ਨਾ ਖੁਸ਼ੀ ਹੋਊਗੀ ਤਾਂ ਦੁਨੀਆਂ ਨੂੰ ਅੱਗੇ ਤੋਰਨ ਦੀ ਕੋਈ ਵਜ੍ਹਾ ਵੀ ਬਾਕੀ ਨਹੀਂ ਰਹਿੰਦੀ ਕਿਉਂਕਿ ਸਾਰੀ ਦੁਨੀਆਂ ਦੁੱਖ ਨੂੰ ਦੂਰ ਕਰਨ ਲਈ ਤੇ ਖੁਸ਼ੀ ਹਾਸਿਲ ਕਰਨ ਲਈ ਹੀ ਲੜ ਰਹੀ ਹੈ, ਦੁੱਖ ਭੁਲਣ ਦੀ ਕੋਸ਼ਿਸ ਕੀਤੀ ਜਾਂਦੀ ਐ ਤੇ ਖੁਸ਼ੀ ਨੂੰ ਯਾਦਗਾਰ ਬਣਾਉਣ ਦੀ ਤੇ ਇਸ ਸਭ ਨੂੰ ਭਾਵਨਾਵਾਂ ਦਵਾਰਾ ਚਲਾਇਆ ਜਾਂਦਾ ਆ।ਇਸ ਸਾਰੇ ਸਿਲਸਲੇ ਵਿੱਚ ਸ਼ਾਇਦ ਅਸੀਂ ਕੁਝ ਨਹੀਂ ਕਰ ਸਕਦੇ ਕਿਉਂਕਿ ਸਾਡੀ ਬਣਤਰ ਹੀ ਐਵੇਂ ਦੀ ਬਣ ਗਈ ਆ, ਸਾਡੇ DNA ਵਿੱਚ ਇਹ ਸਭ ਕੁਝ ਘੁਲਿਆ-ਮਿਲਿਆ ਹੈ। ਜਨਮ ਮਰਨ ਦੇ ਚੱਕਰ ਨੂੰ ਕੋਈ ਸਮਝ ਨਹੀਂ ਸਕਦਾ, ਘੱਟੋ-ਘੱਟ ਮੈਂ ਤਾਂ ਨਹੀਂ। ਪਰ ਹਰ ਇਕ ਮੌਤ ਇਹ ਅਹਿਸਾਸ ਜਰੂਰ ਕਰਾਉਂਦੀ ਹੈ ਕਿ ਅੱਜ ਕੋਈ ਹੋਰ ਗਿਆ ਤੇ ਇਸੇ ਤਰ੍ਹਾਂ ਕਿਸੇ ਦਿਨ, ਕਿਸੇ ਪੀੜ, ਅਟੈਕ, ਐਕਸੀਡੈਂਟ, ਲੜਾਈ-ਝਗੜੇ, ਦੰਗਾ-ਫਸਾਦ, ਟੀਕੇ-ਨਸ਼ੇ ਦੇ ਕਰਕੇ ਜਾਂ ਕਿਸੇ ਨਾ ਕਿਸੇ ਬਹਾਨੇ ਕਰਕੇ ਮੇਰੀ ਵਾਰੀ ਆਊਗੀ, ਹੁਣ ਓ ਕਦੋਂ ਆਊਗੀ ਇਹ ਇੱਕ ਰਹੱਸ ਹੈ। ਹੋ ਸਕਦਾ ਅਗਲਾ ਹੀ ਪਲ ਆਖਰੀ ਹੋਵੇ ਤੇ ਹੋ ਸਕਦਾ 50-60-70 ਸਾਲ ਵੀ ਟੱਪ ਜਾਣ। ਪਰ ਸਮਾਂ ਹਰ ਪਲ ਘੱਟ ਰਿਹਾ ਇਹ ਵੱਡੀ ਸਚਾਈ ਆ। ਜੋ ਲੋਕ ਚਲੇ ਗਏ ਜਾਣਾ ਨਹੀਂ ਚਾਉਂਦੇ ਸੀ, ਤੇ ਨਾ ਹੀ ਅਸੀਂ ਜਾਣਾ ਚਾਉਂਦੇ ਹਾਂ ਪਰ ਮਰਜ਼ੀ ਨਾ ਓਹਨਾ ਦੀ ਚੱਲੀ ਨਾ ਸਾਡੀ ਜਿਹੜੇ ਜਿਓਂਦੇ ਨੇ ਉਹਨਾਂ ਦੀ ਹੀ ਚੱਲਣੀ। ਇਸ ਲਈ ਮੌਤ ਦੀ ਫਿਕਰ ਨਾ ਕਰੋ ਮੌਤ ਨੂੰ ਸਾਰਿਆਂ ਦੀ ਫਿਕਰ ਹੈ ਓਨੇ ਆਪੇ ਲੱਭ ਕੇ ਵਾਰੋ-ਵਾਰੀ ਲੈ ਜਾਣਾ। ਪਰ ਅਸਲ ਗੱਲ ਜੋ ਮੈਂ ਸੋਚ ਰਿਹਾ ਸੀ ਜੀਦੇ ਆਲੇ-ਦਵਾਲੇ ਇਹ ਸਾਰੀਆਂ ਗੱਲਾਂ ਘੁੰਮ ਰਹੀਆਂ ਨੇ, ਉਹ ਇਹ ਆ ਕਿ ਸਾਡੇ ਕੋਲ ਸੀਮਤ ਸਮਾਂ ਆ, ਤੇ ਉਸ ਸੀਮਤ ਸਮੇਂ ਦੀ ਅਸੀਂ ਸਹੀ ਵਰਤੋਂ ਕਰਨੀ ਆ, ਦੁਨੀਆਂ ਦੀ ਫਿਕਰ ਛੱਡ ਦਿਓ, ਦੁਨੀਆਂ ਲਈ ਕੁਝ ਨਾ ਕਰੋ ਬਸ ਆਪਣੇ ਕੰਮ ਅਤੇ ਵਿਵਹਾਰ ਆਪਣੀ ਸਮਰੱਥਾ ਅਨੁਸਾਰ ਸਹੀ ਰੱਖੋ, ਜਿਸ ਵੀ ਖੇਤਰ ਜਾਂ ਕਿੱਤੇ ਨਾਲ ਸੰਬੰਧਿਤ ਹੋ ਉਸਨੂੰ ਪੂਰਾ ਦਿਲ-ਜਾਨ ਤੇ ਇਮਾਨਦਾਰੀ ਨਾਲ ਨਿਭਾਓ। ਸਿਰਫ਼ ਆਪਣੇ ਪਰਿਵਾਰਕ ਮੈਂਬਰਾਂ ਨੂੰ ਹਰ ਤਰ੍ਹਾਂ ਖੁਸ਼ ਰੱਖਣ ਦਾ ਯਤਨ ਕਰੋ, ਆਪਣੇ ਫਰਜ਼ ਨਿਭਾਓ। ਸਮਾਜ ਦੀ ਸੇਵਾ ਕਰਨ ਦੀ ਕੋਈ ਲੋੜ ਨਹੀਂ ਬਸ ਸਮਾਜ ਵਿੱਚ ਰਹਿਣ ਲਈ ਜੋ ਲੋੜੀਂਦੀਆਂ ਗੱਲਾਂ ਸਮਝਣ ਦੀ ਲੋੜ ਆ ਉਹ ਸਮਝੋ ਤੇ ਆਪਣਾ-ਕੰਮ ਕਰਦੇ ਰਹੋ। ਹਰ ਦਿਨ ਨੂੰ ਆਪਣਾ ਆਖਰੀ ਦਿਨ ਸਮਝ ਕੇ ਆਪਣੇ ਸ਼ੁਰੂ ਕੀਤੇ ਹੋਏ ਕੰਮਾਂ ਨੂੰ ਨੇਪਰੇ ਚਾੜਣ ਦੀ ਪੂਰੀ ਕੋਸ਼ਿਸ਼ ਕਰੋ। ਜਿੰਨ੍ਹਾਂ ਚਿਰ ਜਿਓਂਦੇ ਹਾਂ ਓਨਾ ਚਿਰ ਜ਼ਿੰਦਗੀ ਨੂੰ ਬਰਕਰਾਰ ਰੱਖਣ ਦਾ ਹਰ ਜਰੂਰੀ ਹੀਲਾ ਕਰਦੇ ਰਹੋ। ਜਦੋਂ ਹਰ ਇਨਸਾਨ ਇਸ ਪ੍ਰੋਟੋਕੋਲ ਨੂੰ ਫੋਲੋ ਕਰਨ ਲੱਗ ਜਾਊਗਾ ਫਿਰ ਕੋਈ ਇਨਸਾਨ ਮਰੂਗਾ ਨਹੀਂ। ਕਿਉਂਕਿ ਕਿਸੇ ਆਪਣੇ ਦੀ ਮੌਤ, ਸਿਰਫ਼ ਮੌਤ ਨਹੀਂ ਲੈ ਕੇ ਆਉਂਦੀ ਸਗੋਂ ਜਿਓਂਦਿਆਂ ਦੀ ਜ਼ਿੰਦਗੀ ਵਿੱਚ ਆਉਣ ਵਾਲੀ ਜ਼ਿੰਦਗੀ ਦੇ ਅਣਗਿਣਤ ਡਰ ਵੀ ਲੈ ਕੇ ਆਉਂਦੀ ਐ ਜਿਸ ਕਰਕੇ ਇਹ ਹੋਰ ਡਰਾਉਣੀ ਹੋ ਜਾਂਦੀ ਆ।

**ਅਦਾਰਾ ਸੀ7 ਨਿਊਜ਼ ਵਿੱਚ ਲੇਖਕਾਂ ਵੱਲੋਂ ਛਪਵਾਈਆਂ ਜਾਂਦੀਆਂ ਕਹਾਣੀਆਂ, ਕਵਿਤਾਵਾਂ, ਲੇਖ, ਗੀਤ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਹਨਾਂ ਨਾਲ ਅਦਾਰਾ ਸੀ7 ਨਿਊਜ਼ ਦੇ ਅਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।**

# ਪਰਵਾਰਿਕ ਜੀਆਂ ਪ੍ਰਤੀ ਸ਼ੱਕ ਅਤੇ ਗ਼ਲਤ ਫਹਿਮੀ



ਅੱਜ 21ਵੀਂ ਸਦੀ ਵਿੱਚ ਬੇਸ਼ੱਕ ਅਸੀਂ ਬਹੁਤ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹ ਰਹੇ ਆਂ ਪਰ ਇਸ ਤੋਂ ਵੀ ਕਦੇ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਅਜੋਕੇ ਹਾਲਾਤ ਹੱਦੋਂ ਵੱਧ ਮਹਿੰਗਾਈ ਨੇ ਘਰ ਦੇ ਹਰ ਜੀਅ ਨੂੰ ਕੰਮ ਧੰਦਾ ਕਰਨ ਲਈ ਮਜਬੂਰ ਕਰ ਦਿੱਤਾ ਹੈ। ਆਮ ਹੀ ਕਿਹਾ ਜਾਂਦਾ ਹੈ ਕਿ ਜੇਕਰ ਘਰ ਦਾ ਇਕੱਲਾ ਇਕੱਲਾ ਜੀਅ ਕੰਮ ਕਰੇਗਾ ਤਾਂ ਕਿਤੇ ਜਾ ਕੇ ਰੋਟੀ ਨਸੀਬ ਹੁੰਦੀ ਹੈ। ਬੇਸ਼ੱਕ ਬੱਚੇ ਅੱਜ ਕੱਲ ਬਹੁਤ ਪੜ੍ਹਾਈ ਤੇ ਉੱਚ ਕੋਟੀ ਦੀਆਂ ਡਿਗਰੀਆਂ ਲੈ ਰਹੇ ਹਨ। ਇਸ ਦੇ ਉਲਟ ਰੁਜ਼ਗਾਰ ਦੇ ਵਸੀਲੇ ਘੱਟ ਹਨ ਤੇ ਅਕਸਰ ਹੀ ਅਖਬਾਰਾਂ ਦੀਆਂ ਸੁਰਖੀਆਂ ਇਸਦੀ ਹਾਮੀ ਭਰਦੀਆਂ ਰਹਿੰਦੀਆਂ ਹਨ। ਅੱਜ-ਕੱਲ੍ਹ ਬਹੁਤ ਬੇਰੁਜ਼ਗਾਰੀ ਵੱਧ ਚੁੱਕੀ ਹੈ ਪਰ ਕਈ ਕਈ ਐਸੇ ਘਰ ਹਨ ਜਿਨਾਂ ਦੇ ਸਾਰੇ ਸਾਰੇ ਜੀਅ ਵਧੀਆ ਸਰਕਾਰੀ ਨੌਕਰੀਆਂ ਜਾਂ ਚੰਗੀਆਂ ਕੰਪਨੀਆਂ ਵਿੱਚ ਸੈਟਲ ਹਨ ਅਤੇ ਚੰਗੀਆਂ ਤਨਖਾਹਾਂ ਲੈਂਦੇ ਹਨ। ਪਰ ਫਿਰ ਵੀ ਘਰਾਂ ਵਿੱਚ ਬੇਇਤਫਾਕੀ ਤੇ ਲੜਾਈ ਝਗੜੇ ਅਕਸਰ ਹੁੰਦੇ ਰਹਿੰਦੇ ਹਨ। ਜੇਕਰ ਤਸਵੀਰ ਦੇ ਦੂਜੇ ਪਾਸੇ ਨੂੰ ਵੇਖੀਏ ਤਾਂ ਕਈ ਕਈ ਘਰਾਂ ਵਿੱਚ ਤਕਰੀਬਨ ਸਾਰੇ ਹੀ ਜੀਅ ਪੜ੍ਹੇ ਲਿਖੇ ਹਨ ਪਰ ਨੌਕਰੀ ਕਿਸੇ ਵੀ ਪਰਿਵਾਰ ਦੇ ਜੀਅ ਨੂੰ ਨਹੀਂ ਨਸੀਬ ਹੋਈ। ਪਰ ਜਿਹੜਾ ਪਰਿਵਾਰ ਪੜ੍ਹਿਆ ਲਿਖਿਆ ਹੋਵੇ ਤੇ ਸਾਰੇ ਜੀਅ ਨੌਕਰੀ ਕਰਦੇ ਹੋਣ ਉੱਥੇ ਲੜਾਈ ਝਗੜਾ ਇੱਕ ਅਜੀਬ ਜਿਹੀ ਗੱਲ ਲੱਗਦੀ ਹੈ। ਇਸ ਦਾ ਮੁੱਖ ਕਾਰਨ ਹੈ ਗਲਤ ਫਹਿਮੀ ਜਾਂ ਸ਼ੱਕ ਕਿਉਂਕਿ ਸਮੇਂ ਹੀ ਐਸੇ ਹਨ ਕਿ ਜੇਕਰ ਇੱਕ ਔਰਤ ਬਾਹਰ ਕਿਸੇ ਦਫਤਰ ਵਿੱਚ ਨੌਕਰੀ ਕਰਦੀ ਹੈ ਤਾਂ ਸੁਭਾਵਿਕ ਉਸਦਾ ਹੈਡ ਟੀਚਰ ਜਾਂ ਕਹਿ ਲਵੋ ਬੌਸ ਉਸ ਨਾਲ ਕਿਸੇ ਸਮੇਂ ਹੱਸ ਕੇ ਵੀ ਗੱਲ ਕਰ ਲਵੇ ਅਤੇ ਇਸਦੀ ਭਿਣਕ ਉਸ ਦੇ ਘਰ ਵਾਲਿਆਂ ਨੂੰ ਪੈ ਜਾਵੇ ਤਾਂ ਸ਼ੱਕ ਦੀ ਸੂਈ ਘੁੰਮ ਜਾਂਦੀ ਹੈ। ਕਿ ਮੇਰੀ ਪਤਨੀ ਉਸ ਨਾਲ ਮਾੜੀ ਤਾਂ ਨਹੀਂ? ਹਾਲਾਂਕਿ ਇਸ ਵਿੱਚ ਰੱਤੀ ਭਰ ਵੀ ਸੱਚਾਈ ਨਹੀਂ ਹੁੰਦੀ। ਇਸੇ ਤਰ੍ਹਾਂ ਜੇਕਰ ਘਰ ਦੀ ਇੱਕ ਕੁਆਰੀ ਨੌਜਵਾਨ ਲੜਕੀ ਜਾਂ ਲੜਕਾ ਬਾਹਰ ਕਿਤੇ ਸਰਕਾਰੀ ਅਰਧ ਸਰਕਾਰੀ ਜਾਂ ਕਿਸੇ ਕੰਪਨੀ ਵਿੱਚ ਨੌਕਰੀ ਕਰਦੇ ਹਨ ਤਾਂ ਉਹਨਾਂ ਤੇ ਵੀ ਬੇਵਜ਼ਾ ਸ਼ੱਕ ਕਰਦਿਆਂ ਜਾਂ ਗਲਤ ਫਹਿਮੀ ਵਸਦੇ ਘਰਾਂ ਵਿੱਚ ਖਟਾਸ ਤੇ ਮਨਾਂ ਵਿੱਚ ਬੇਚੈਨੀ ਵਧਾ ਦਿੰਦੇ ਹਨ। ਜਦੋਂ ਕਿ ਇਹਨਾਂ ਗੱਲਾਂ ਵਿੱਚ ਕੋਈ ਸੱਚਾਈ ਨਹੀਂ ਹੁੰਦੀ ਹੱਸਦੇ ਵੱਸਦੇ ਪਰਿਵਾਰ ਐਸੀਆਂ ਅਲਾਮਤਾਂ ਨਾਲ ਆਮ ਹੀ ਟੁੱਟਦੇ ਵੇਖੇ ਜਾ ਸਕਦੇ ਹਨ। ਕਈ ਵਾਰ ਤਾਂ ਐਸੇ ਹਾਲਾਤਾਂ ਵਿੱਚ ਪਤੀ ਪਤਨੀ ਦੇ ਝਗੜੇ ਸਿਰਫ ਗਲਤ ਫਹਿਮੀ ਜਾਂ ਸ਼ੱਕ ਕਰਕੇ ਤਲਾਕਾਂ ਜਾਂ ਅਦਾਲਤਾਂ ਦੀਆਂ ਗੇੜੀਆਂ ਲਈ ਵੀ ਮਜਬੂਰ ਹੋ ਜਾਂਦੇ ਹਨ ਤੇ ਹੱਸਦੇ ਵੱਸਦੇ ਘਰ ਖੇਰੂੰ ਖੇਰੂੰ ਹੋ ਜਾਂਦੇ ਹਨ। ਇਸੇ ਤਰ੍ਹਾਂ ਮਾਂ ਬਾਪ ਨੂੰ ਜੇਕਰ ਆਪਣੇ ਬੇਟੀ ਬੇਟੇ ਤੇ ਪੂਰਨ ਵਿਸ਼ਵਾਸ ਹੈ ਸ਼ੱਕ ਅਤੇ ਗਲਤ ਫਹਿਮੀ ਦੀ ਜੇਕਰ ਕੋਈ ਗੁਜਾਇਸ਼ ਨਹੀਂ ਹੈ ਤਾਂ ਹੀ ਉਹਨਾਂ ਨੂੰ ਨੌਕਰੀ ਕਰਵਾਓ। ਜੇਕਰ ਮਾਂ ਬਾਪ ਦਾ ਖੁਦ ਦਾ ਸੁਭਾਅ ਸ਼ੱਕੀ ਹੈ ਤਾਂ ਉਹਨਾਂ ਦੇ ਪਰਿਵਾਰਿਕ ਮੈਂਬਰ ਬੇਟਾ ਬੇਟੀ ਕਦੇ ਵੀ ਨੌਕਰੀ ਨਹੀਂ ਕਰ ਸਕਦੇ। ਨੌਕਰੀ ਵਿੱਚ ਕਿਸੇ ਦੇ ਮਤਾਹਿਤ ਰਹਿਣਾ ਹਾਸਾ ਮਜਾਕ ਦਫਤਰੀ ਕੰਮਾਂ ਦਾ ਬੋਝ ਮੀਟਿੰਗਾਂ ਵਗੈਰਾ ਦੇ ਵਿੱਚ ਜਾਣਾ ਖਾਣਾ ਪੀਣਾ ਇਕੱਠਿਆਂ ਖਾਣਾ ਆਦਿ ਨੌਕਰੀ ਦੇ ਅਨਿਖੜਵੇਂ ਅੰਗ ਹਨ। ਕਦੇ ਕਦੇ ਨੌਕਰੀ ਦੌਰਾਨ ਬਾਹਰ ਦੇ ਟੂਰ ਤੇ ਵੀ ਜਾਣਾ ਪੈਂਦਾ ਇਸ ਸਭ ਕਾਸੇ ਦੇ ਮੱਦੇ ਨਜ਼ਰ ਘਰਦਿਆਂ ਨੂੰ ਆਪਣਾ ਮਨ ਕਠੋਰ ਅਤੇ ਆਪਣੀ ਔਲਾਦ ਤੇ ਵਿਸ਼ਵਾਸ ਕਰਨਾ ਹੀ ਪਵੇਗਾ। ਤਾਂ ਹੀ ਕਰ ਆਬਾਦ ਰਹਿ ਸਕਦੇ ਹਨ। ਛੋਟੀ ਛੋਟੀ ਗੱਲ ਤੋਂ ਘਰਾਂ ਵਿੱਚ ਕਲੇਸ਼ ਅਤੇ ਬੱਚਿਆਂ ਨੂੰ ਸ਼ੱਕੀ ਹਾਲਾਤਾਂ ਅਤੇ ਗਲਤ ਫਹਿਮੀ ਕਾਰਨ ਹੀ ਕਈ ਘਰ ਨਰਕ ਭਰੀ ਜਿੰਦਗੀ ਬਤੀਤ ਕਰ ਰਹੇ ਹਨ। ਜੇਕਰ ਕਿਸੇ ਵੀ ਘਰ ਦੇ ਮੈਂਬਰ ਤੋਂ ਜਾਣੇ ਅਣਜਾਣੇ ਵਿੱਚ ਕੋਈ ਕਿਸੇ ਕਿਸਮ ਦੀ ਗਲਤੀ ਵੀ ਹੋ ਜਾਵੇ ਤਾਂ ਮੁਆਫੀ ਮੰਗਣ ਦਾ ਜਜਬਾ ਵੀ ਹੋਣਾ ਚਾਹੀਦਾ ਹੈ ਤਾਂ ਕਿ ਵੱਧਦੀ ਗੱਲ ਨੂੰ ਠੱਲ ਪਾਈ ਜਾ ਸਕੇ। ਤੇ ਘਰ ਖੇਰੂੰ ਖੇਰੂੰ ਹੋਣ ਤੋਂ ਬਚਾਇਆ ਜਾ ਸਕੇ। ਕਿਸੇ ਕਿਸਮ ਦੀ ਗਲਤੀ ਇਮਾਨਦਾਰੀ ਨਾਲ ਮੰਨ ਲੈਣੀ ਵੀ ਇਨਸਾਨੀਅਤ ਦਾ ਇੱਕ ਬਹੁਤ ਵਧੀਆ ਨਮੂਨਾ ਹੈ ਜਿਸ ਨਾਲ ਦੋਵੇਂ ਪਾਸੇ ਨਿਮਰਤਾ ਆ ਜਾਵੇਗੀ। ਜੇਕਰ ਘਰੇਲੂ ਕੋਈ ਸਮੱਸਿਆ ਆ ਵੀ ਜਾਵੇ ਤਾਂ ਘਰ ਵਿੱਚ ਹੀ ਨਿਪਟਾਉਣਾ ਠੀਕ ਰਹਿੰਦਾ ਹੈ। ਜਦੋਂ ਘਰ ਦੀ ਗੱਲ ਕਿਤੇ ਤੀਜੇ ਬਾਹਰਲੇ ਇਨਸਾਨ ਕੋਲ ਜਾਂਦੀ ਹੈ ਤਾਂ ਇਹ ਵੀ ਸ਼ੱਕ ਤੇ ਗਲਤ ਫਹਿਮੀ ਵਧਣ ਦੇ ਅਸਾਰ ਹੋ ਜਾਂਦੇ ਹਨ। ਇੱਕ ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਵਿਚਾਰ ਸਾਂਝੇ ਕਰਨੇ ਘਰ ਪਰਿਵਾਰ ਵਿੱਚ ਰਲ ਬੈਠ ਕੇ ਗੱਲਾਂ ਕਰਨ ਨਾਲ ਸ਼ੱਕ ਤੇ ਗਲਤ ਫਹਿਮੀ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿੰਦੀ ਸਗੋਂ ਘਰ ਸਵਰਗ ਦੇ ਨਮੂਨੇ ਬਣ ਜਾਂਦੇ ਹਨ।

ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ (95691-49556)

## ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਕਸ਼ਮੀਰ ਦੇ ਹਿੰਦੂ ਸਮਾਜ ਨਾਲ ਸਬੰਧਿਤ ਆਗੂਆਂ ਨਾਲ ਇਕੱਤਰਤਾ



ਚੋਹਲਾ ਸਾਹਿਬ 10 ਨਵੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੱਜ ਜੰਮੂ ਵਿਖੇ ਕਸ਼ਮੀਰ ਦੇ ਹਿੰਦੂ ਸਮਾਜ ਨਾਲ ਸਬੰਧਿਤ ਆਗੂਆਂ ਨਾਲ ਮੀਟਿੰਗ ਕੀਤੀ ਜਾ ਰਹੀ ਹੈ। ਸਿੱਖ ਇਤਿਹਾਸ ਵਿੱਚ ਕਸ਼ਮੀਰ ਦੇ ਪੰਡਿਤਾਂ ਦਾ ਜਿਕਰ ਬਹੁਤ ਹੀ ਅਹਿਮ ਸਥਾਨ ਰੱਖਦਾ ਹੈ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਕਸ਼ਮੀਰੀ ਪੰਡਿਤਾਂ ਦੀ ਬੇਨਤੀ 'ਤੇ ਹੀ ਮਨੁੱਖੀ ਹੱਕਾਂ ਹਕੂਕਾਂ ਦੀ ਖਾਤਿਰ ਕੁਰਬਾਨੀ ਦਿੱਤੀ ਗਈ ਸੀ। ਅੱਜ ਜਿਥੇ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ਵ ਪੱਧਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਮਨਾਈ ਜਾ ਰਹੀ ਹੈ ਉੱਥੇ 15 ਨਵੰਬਰ ਨੂੰ ਗੁਰਦੁਆਰਾ ਸਾਹਿਬ ਮਟਨ, ਕਸ਼ਮੀਰ ਤੋਂ ਵਿਸ਼ੇਸ਼ ਨਗਰ ਕੀਰਤਨ ਵੀ ਸਜਾਇਆ ਜਾ ਰਿਹਾ ਹੈ। ਇਸ ਨਗਰ ਕੀਰਤਨ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਸ਼ਤਾਬਦੀ ਸਮਾਗਮਾਂ ਵਿੱਚ ਹਿੰਦੂ ਸਮਾਜ ਦੇ ਆਗੂਆਂ ਅਤੇ ਕਸ਼ਮੀਰ ਦੇ ਪੰਡਿਤਾਂ ਦੀ ਸ਼ਮੂਲੀਅਤ ਅਹਿਮ ਹੋਵੇਗੀ।

## ਐਮ ਐਸ ਐਮ ਕਾਨਵੈਂਟ ਸਕੂਲ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵਿਜ਼ ਮੁਕਾਬਲੇ ਕਰਵਾਏ ਗਏ।




ਚੋਹਲਾ ਸਾਹਿਬ 10 ਨਵੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਲਾਕੇ ਦੀ ਮਹਾਨ ਵਿੱਦਿਅਕ ਸੰਸਥਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵਿਜ਼ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਐੱਮ. ਐੱਸ.ਐੱਮ ਕਾਨਵੈਂਟ ਸੀ ਸੈ ਸਕੂਲ ਚੋਹਲਾ ਸਾਹਿਬ ਦੇ ਚਾਰ ਹਾਊਸ (੧) ਸ਼ਹੀਦ ਭਗਤ ਸਿੰਘ ਹਾਊਸ(੨) ਮਦਰ ਟਰੇਸਾ ਹਾਊਸ(੩) ਭਗਤ ਪੂਰਨ ਸਿੰਘ ਹਾਊਸ ਅਤੇ ਸ਼ਹੀਦ ਊਧਮ ਸਿੰਘ ਹਾਊਸ ਨੇ ਭਾਗ ਲਿਆ। ਕਵਿਜ਼ ਮੁਕਾਬਲੇ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਚਪਨ, ਸਿੱਖਿਆ, ਪਰਿਵਾਰ, ਉਦਾਸੀਆਂ, ਉਪਦੇਸ਼ ਅਤੇ ਉਹਨਾਂ ਦੁਆਰਾ ਰਚਿਤ ਬਾਣੀਆਂ ਬਾਰੇ ਪ੍ਰਸ਼ਨ ਪੁੱਛੇ ਗਏ। ਇਹ ਕਵਿਜ਼ ਪੰਜ ਰਾਊਂਡਜ਼ ਵਿੱਚ ਕਰਵਾਇਆ ਗਿਆ।ਇਸ ਵਿੱਚ ਫਸਟ ਪੁਜ਼ੀਸ਼ਨ ਸੈਕਿੰਡ ਹਾਊਸ ਮਦਰ ਟਰੇਸਾ, ਸੈਕਿੰਡ ਪੁਜ਼ੀਸ਼ਨ ਫਸਟ ਹਾਊਸ ਸ਼ਹੀਦ ਭਗਤ ਸਿੰਘ ਅਤੇ ਥਰਡ ਪੁਜ਼ੀਸ਼ਨ ਥਰਡ ਹਾਊਸ ਭਗਤ ਪੂਰਨ ਸਿੰਘ ਨੇ ਪ੍ਰਾਪਤ ਕੀਤੀ। ਇਸ ਸਮੇਂ ਚੇਅਰਮੈਨ ਡਾ. ਉਪਕਾਰ ਸਿੰਘ ਵੱਲੋਂ ਭਾਗ ਲੈ ਰਹੇ ਵਿਦਿਆਰਥੀਆਂ ਦੀ ਹੋਸਲਾ ਹਫਜਾਈ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਦੀਆ ਸਿਖਿਆਵਾਂ ਬਾਰੇ ਦੱਸਦਿਆ ਉਹਨਾਂ ਨੂੰ ਜੀਵਨ ਵਿੱਚ ਅਪਣਾਉਣ ਲਈ ਪਰੇਰਿਤ ਕੀਤਾ । ਇਸ ਮੌਕੇ ਪ੍ਰਿੰਸੀਪਲ ਰਾਕੇਸ਼ ਕੁਮਾਰ ਵੱਲੋਂ ਵਿਦਿਆਰਥੀਆਂ ਦੀ ਹੋਸਲਾ ਹਫਜਾਈ ਕਰਦੇ ਹੋਏ ਅੱਗੇ ਵੀ ਅਜਿਹੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਵਾਈਸ ਪ੍ਰਿੰਸੀਪਲ ਮੈਡਮ ਵੱਲੋਂ ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਗਈ।ਇਸ ਸਮੇਂ ਸਕੂਲ ਦੇ ਚੇਅਰਮੈਨ ਡਾਕਟਰ ਉਪਕਾਰ ਸਿੰਘ ਸੰਧੂ ਨੇ ਬੱਚਿਆਂ ਨੂੰ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਦੁਆਰਾ ਮਾਰਗ ਤੇ ਚੱਲਦੇ ਹੋਏ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।ਇਸ ਸਮੇਂ ਸਕੂਨ ਦਾ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਹਾਜਰ ਸੀ।

## ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬ ਦੀ ਵਿਰਾਸਤ ਹੈ, ਕੇਂਦਰ ਸਰਕਾਰ ਧੱਕਾ ਨਾ ਕਰੇ ਪ੍ਰੋ: ਹਰਪ੍ਰੀਤ ਸਿੰਘ ਕੋਟ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 10 ਨਵੰਬਰ
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬ ਦੀ ਅਣਮੁੱਲੀ ਵਿਰਾਸਤ ਹੈ, ਜੋ ਕਿ ਸਾਡੇ ਵੱਡੇ ਵਡੇਰਿਆਂ ਨੇ ਅਪਣੇ ਦਸਵੰਧ ਦੀ ਕਮਾਈ ਨਾਲ ਬਣਾਈ ਹੈ, ਆਪਣੇ ਖ਼ੂਨ ਨਾਲ ਇਤਿਹਾਸ ਸਿਰਜਿਆ ਹੈ। ਕੇਂਦਰ ਸਰਕਾਰ ਵੱਲੋਂ ਜਾਣਬੁੱਝ ਕੇ ਸੈਨੇਟ ਅਤੇ ਸਿੰਡੀਕੇਟ ਨੂੰ ਖਤਮ ਕਰਕੇ ਪੰਜਾਬ ਦੇ ਹੱਕਾਂ ਤੇ ਡਾਕਾਂ ਮਾਰਿਆ ਹੈ ਜਿਸਦਾ ਹਰ ਪੰਜਾਬੀ ਵਿਰੋਧ ਕਰਦਾਂ ਹੈਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੋਫੈਸਰ ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ ਹਲਕਾ ਖਡੂਰ ਸਾਹਿਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੇਂਦਰ ਵਲੋਂ ਜੋ ਪੰਜਾਬ ਵਿਰੋਧੀ ਫੈਸਲਿਆਂ ਆਇਆ ਹੈ ਉਸਦਾ ਵਿਦਿਆਰਥੀਆਂ ਵਲੋਂ ਪੰਜਾਬ ਨੂੰ ਪਿਆਰ ਕਰਨ ਵਾਲੇ ਜੱਥੇਬੰਦੀਆਂ ਵੱਲੋਂ, ਪੰਜਾਬ ਦਾ ਦਰਦ ਰੱਖਣ ਵਾਲੇ ਹਰ ਪੰਜਾਬੀ ਵਲੋਂ ਵਿਰੋਧ ਕੀਤਾ ਗਿਆ ਹੈ। ਅੱਜ ਬਹੁਤ ਵੱਡੀ ਗਿਣਤੀ ਵਿਚ ਪੰਜਾਬ ਹੈਤੇਸੀ ਲੋਕਾਂ ਵਲੋਂ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿੱਚ ਹਰਿਆਣਾ ਪੁਲਿਸ ਅਤੇ ਚੰਡੀਗੜ੍ਹ ਪੁਲਿਸ ਵਲੋਂ ਵਿਦਿਆਰਥੀਆਂ ਤੇ ਲਾਠੀਚਾਰਜ ਕੀਤਾ ਗਿਆ, ਜਿਸ ਵਿੱਚ ਕਈ ਵਿਦਿਆਰਥੀ ਗੰਭੀਰ ਜ਼ਖ਼ਮੀ ਹੋਏ ਹਨ, ਕਈਆਂਐ ਪੁਲਿਸ ਨੇ ਹਿਰਾਸਤ ਵਿਚ ਲਿਆ ਹੈ। ਇਸ ਸਾਰੇ ਘਟਨਾਕ੍ਰਮ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਪਣਾ ਫੈਸਲਾ ਵਾਪਸ ਲਵੇ। ਪੰਜਾਬ ਯੂਨੀਵਰਸਿਟੀ ਸੈਨੇਟ ਅਤੇ ਸਿੰਡੀਕੇਟ ਨੂੰ ਬਹਾਲ ਕੀਤਾ ਜਾਵੇ। ਇਲੈਕਸ਼ਨ ਕਰਵਾਈ ਜਾਵੇ। ਜੇਕਰ ਕੇਂਦਰ ਸਰਕਾਰ ਅਪਣਾ ਅੜੀਅਲ ਰਵੱਈਆ ਨਹੀਂ ਛੱਡਦੀ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਹਰ ਪੰਜਾਬੀ ਪੰਜਾਬ ਨੂੰ ਪਿਆਰ ਕਰਨ ਵਾਲਾ ਸੰਘਰਸ਼ ਦਾ ਹਿੱਸਾ ਬਣੇਗਾ। ਪੰਜਾਬ ਅਪਣੇ ਹੱਕਾਂ ਲਈ ਹਮੇਸ਼ਾ ਹੀ ਲੜਦਾ ਆਇਆ ਹੈ, ਅਤੇ ਲੜਦਾ ਰਹਿਆਂ ਹੈ। ਪੰਜਾਬੀਆਂ ਨੇ ਕਈ ਅੰਦੋਲਨ ਜਿੱਤੇ ਹਨ , ਕੇਂਦਰ ਸਰਕਾਰ ਫੈਸਲਾ ਰੱਦ ਕਰੇ।

## ਕੈਨੇਡਾ ਸਾਹਿਤ ਸਭਾ ਰਜਿ ਬਾਘਾਪੁਰਾਣਾ ਵੱਲੋਂ ਪੰਜਾਬੀ ਕਹਾਣੀ ਵਿਸ਼ੇ ਤੇ ਰਚਾਇਆ ਗਿਆ ਸੰਵਾਦ

# ਕੈਨੇਡਾ ਦੇ ਸਾਬਕਾ ਵਿਧਾਇਕ ਮਹਿੰਦਰ ਸਿੰਘ ਸਰਾਂ ਅਤੇ ਚੇਅਰਮੈਨ ਰਮਨ ਮਿੱਤਲ ਵੱਲੋਂ ਡਾ ਸਾਧੂ ਰਾਮ ਲੰਗੇਆਣਾ ਦੀ 10ਵੀਂ ਪੁਸਤਕ "ਚਿੜੀਆਂ ਬੋਲ ਪਈਆਂ" ਨੂੰ ਕੀਤਾ ਗਿਆ ਲੋਕ ਅਰਪਣ

ਬਾਘਾਪੁਰਾਣਾ 10 ਨਵੰਬਰ ( ਸ਼ਰਮਾਂ )
ਸਾਹਿਤ ਸਭਾ ਰਜਿ ਬਾਘਾਪੁਰਾਣਾ ਵੱਲੋਂ ਨਵੰਬਰ ਮਹੀਨੇ ਦੇ ਪੰਜਾਬੀ ਮਾਹ ਨੂੰ ਸਮਰਪਿਤ ਸਾਲਾਨਾ ਸਮਾਗਮ ਸਭਾ ਦੇ ਪ੍ਰਧਾਨ ਡਾ ਸਾਧੂ ਰਾਮ ਲੰਗੇਆਣਾ ਦੀ ਯੋਗ ਅਗਵਾਈ ਹੇਠ ਸਕੂਲ ਆਫ਼ ਐਮੀਨੈਂਸ ਬਾਘਾਪੁਰਾਣਾ ਵਿਖੇ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਰਮਨ ਮਿੱਤਲ ਰਿੰਪੀ ਚੇਅਰਮੈਨ ਇੰਪਰੂਵਮੈਂਟ ਟਰੱਸਟ ਮੋਗਾ, ਸਾਬਕਾ ਵਿਧਾਇਕ ਮਹਿੰਦਰ ਸਿੰਘ ਸਰਾਂ ਕੈਨੇਡਾ, ਕੇਂਦਰੀ ਪੰਜਾਬੀ ਲੇਖਕ ਸਭਾ ਰਜਿ ਪੰਜਾਬ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਵਿਸ਼ੇਸ਼ ਮਹਿਮਾਨ ਡਾ ਗੁਰਚਰਨ ਕੌਰ ਕੋਚਰ, ਕਹਾਣੀਕਾਰ ਜਤਿੰਦਰ ਹਾਂਸ, ਡਾ ਅਰਵਿੰਦਰ ਕੌਰ ਕਾਕੜਾ, ਗੁਰਮੀਤ ਕੜਿਆਲਵੀ, ਡਾ ਸੁਰਜੀਤ ਬਰਾੜ,ਕਮਲ ਦੁਸਾਂਝ ਸਪੋਕਸਮੈਨ, ਸਭਾ ਦੇ ਪ੍ਰਧਾਨ ਡਾ ਸਾਧੂ ਰਾਮ ਲੰਗੇਆਣਾ ਸੁਸ਼ੋਭਿਤ ਸਨ। ਸਮਾਗਮ ਦੀ ਸ਼ੁਰੂਆਤ ਮੇਜਰ ਸਿੰਘ ਹਰੀਏਵਾਲਾ ਅਤੇ ਅਰਸ਼ਦੀਪ ਸ਼ਰਮਾਂ ਲੰਗੇਆਣਾ ਵੱਲੋਂ ਤਰੰਨੁਮ ਵਿੱਚ ਪੇਸ਼ ਕੀਤੇ ਗਏ ਸਵਾਗਤੀ ਗੀਤਾਂ ਨਾਲ ਹੋਈ। ਉਪਰੰਤ ਸਮਾਗਮ ਦਾ ਰਸਮੀ ਉਦਘਾਟਨ ਚੇਅਰਮੈਨ ਰਮਨ ਮਿੱਤਲ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ ਅਤੇ ਉਨ੍ਹਾਂ ਸਭਾ ਦੀ ਆਰਥਿਕ ਸਹਾਇਤਾ ਵਾਸਤੇ 11 ਹਜ਼ਾਰ ਦੀ ਰਾਸੀ.ਪ੍ਰਬੰਧਕਾਂ ਨੂੰ ਭੇਂਟ ਕੀਤੀ। ਸਭਾ ਦੇ ਸਕੱਤਰ ਸਾਗਰ ਸਫ਼ਰੀ ਅਤੇ ਪ੍ਰਧਾਨ ਸਾਧੂ ਰਾਮ ਲੰਗੇਆਣਾ ਵੱਲੋਂ ਪਹੁੰਚੀਆਂ ਹੋਈਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਜੀ ਆਇਆਂ ਆਖਿਆ ਗਿਆ। ਸਭਾ ਦੇ ਸੀਨੀਅਰ ਮੈਂਬਰ ਜਸਵੰਤ ਜੱਸੀ ਅਤੇ ਐਸ ਇੰਦਰ ਰਾਜੇਆਣਾ ਨੇ ਸਭਾ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਲੈ ਕੇ ਹੁਣ ਤੱਕ ਕਰਵਾਏ ਗਏ ਸਾਹਿਤਕ ਸਮਾਗਮਾਂ ਵਿੱਚ ਪਹੁੰਚੀਆਂ ਹੋਈਆਂ ਸਾਹਿਤ ਜਗਤ ਦੀਆਂ ਮਹਾਨ ਹਸਤੀਆਂ ਬਾਰੇ ਚਾਨਣਾ ਪਾਇਆ। ਇਸ ਦੇ ਨਾਲ ਹੀ ਸਭਾ ਦੇ ਪ੍ਰਧਾਨ ਡਾ ਸਾਧੂ ਰਾਮ ਲੰਗੇਆਣਾ ਦੀ 10ਵੀਂ ਬਾਲ ਕਹਾਣੀਆਂ ਦੀ ਪੁਸਤਕ ਚਿੜੀਆਂ ਬੋਲ ਪਈਆਂ ਨੂੰ ਲੋਕ ਅਰਪਣ ਕਰਨ ਦੀ ਰਸਮ ਕੈਨੇਡੀਅਨ ਵਿਧਾਇਕ ਮਹਿੰਦਰ ਸਿੰਘ ਸਰਾਂ, ਚੇਅਰਮੈਨ ਰਮਨ ਮਿੱਤਲ, ਸੁਸ਼ੀਲ ਦੁਸਾਂਝ ਅਤੇ ਬਾਕੀ ਉਕਤ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਪ੍ਰਮੁੱਖ ਸਖਸ਼ੀਅਤਾਂ ਵੱਲੋਂ ਨਿਭਾਈ ਗਈ। ਇਸਦੇ ਨਾਲ ਹੀ ਜੋਗਿੰਦਰ ਕੌਰ ਅਗਨੀਹੋਤਰੀ ਵੱਲੋਂ ਲੋਕ ਅਰਪਣ ਹੋਈ ਬਾਲ ਪੁਸਤਕ ਅਤੇ ਪੰਜਾਬੀ ਸੱਭਿਆਚਾਰ ਵਿਰਸੇ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ।

ਉਪਰੰਤ ਕਹਾਣੀਕਾਰ ਜਤਿੰਦਰ ਹਾਂਸ ਅਤੇ ਡਾ ਅਰਵਿੰਦਰ ਕੌਰ ਕਾਕੜਾ ਵੱਲੋਂ ਪੰਜਾਬੀ ਵਿੱਚ ਰਚੀਆਂ ਜਾ ਰਹੀਆਂ ਕਹਾਣੀਆਂ ਦੀ ਸਿਰਜਣਾ, ਕਹਾਣੀ ਕਲਾ ਅਤੇ ਕਹਾਣੀ ਵਿਸ਼ੇ ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਸੁਸ਼ੀਲ ਦੁਸਾਂਝ ,ਡਾ ਗੁਰਚਰਨ ਕੌਰ ਕੋਚਰ, ਡਾ ਸੁਰਜੀਤ ਬਰਾੜ ਵੱਲੋਂ ਪੰਜਾਬੀ ਸਾਹਿਤ ਬਾਰੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ ਗਏ ਜਦੋਂ ਕਿ ਕਹਾਣੀਕਾਰ ਗੁਰਮੀਤ ਕੜਿਆਲਵੀ ਵੱਲੋਂ ਸਮਾਜ ਅੰਦਰ ਰਚੇ ਜਾ ਰਹੇ ਵਿਅੰਗ ਵਿਧਾ ਅਤੇ ਬਾਲ ਸਾਹਿਤ ਬਾਰੇ ਚਾਨਣਾ ਪਾਇਆ ਗਿਆ। ਹਾਜ਼ਰ ਸਰੋਤਿਆਂ ਵੱਲੋਂ ਉਠਾਏ ਗਏ ਨੁਕਤਿਆਂ ਤੇ ਕਹਾਣੀਕਾਰ ਜਤਿੰਦਰ ਹਾਂਸ ਵੱਲੋਂ ਸਾਰਥਿਕ ਢੰਗ ਨਾਲ ਜਵਾਬ ਦਿੱਤੇ ਗਏ। ਉਪਰੰਤ ਹੋਏ ਕਵੀ ਦਰਬਾਰ ਵਿਚ ਜਸਵੀਰ ਸ਼ਰਮਾਂ ਦੱਦਾਹੂਰ, ਈਸ਼ਰ ਸਿੰਘ ਲੰਭਵਾਲੀ, ਸਤੀਸ਼ ਧਵਨ ਭਲੂਰ, ਪ੍ਰਗਟ ਸਿੰਘ ਜੰਬਰ,ਮੰਗਲ ਮੀਤ ਪੱਤੋ,ਲਾਭ ਸਿੰਘ ਡੋਡ, ਹਰਵਿੰਦਰ ਰੋਡੇ, ਅਮਰਜੀਤ ਬਰਾੜ ਗੋਲੇਵਾਲਾ, ਨਛੱਤਰ ਪ੍ਰੇਮੀ,ਤਾਰ ਬਰਾੜ, ਬਿੱਕਰ ਸਿੰਘ ਵਿਯੋਗੀ, ਗੁਰਤੇਜ ਪੱਖੀ,ਪ੍ਰੀਤ ਜੱਗੀ, ਚਰਨਜੀਤ ਗਿੱਲ ਸਮਾਲਸਰ, ਜਸਵਿੰਦਰ ਧਰਮਕੋਟ, ਜਸਬੀਰ ਸਿੰਘ ਕਲਸੀ, ਸ਼ਮਸ਼ੇਰ ਸਿੰਘ ਮੱਲ੍ਹੀ, ਮਿੰਟੂ ਖੁਰਮੀ, ਅਮਰਜੀਤ ਸਿੰਘ ਫ਼ੌਜੀ ਦੀਨਾ ਸਾਹਿਬ, ਜਸਵਿੰਦਰ ਜਲੰਧਰੀ, ਗੁਰਪ੍ਰੀਤ ਸਿੰਘ ਧਰਮਕੋਟ,ਧਾਮੀ ਗਿੱਲ,ਸੋਨੀ ਮੋਗਾ,ਮਾਹੀ ਮਰਜਾਣਾ, ਸੁਖਦੇਵ ਲੱਧੜ, ਤਰਸੇਮ ਗੋਪੀਕਾ,ਸਰਵਨ ਸਿੰਘ ਪਤੰਗ, ਰਾਜਿੰਦਰ ਕੰਬੋਜ, ਪ੍ਰੀਤਮ ਲਹਿਰੀ ਪੱਤੋ, ਤਰਸੇਮ ਖਾਨ ,ਵਤਨਵੀਰ ਜ਼ਖ਼ਮੀ,ਧਰਮ ਪ੍ਰਵਾਨਾ, ਪ੍ਰੀਤ ਨਿਵਾਣ, ਬਲਵਿੰਦਰ ਸਿੰਘ ਕੈਂਥ, ਸੁਖਚੈਨ ਰਾਜਿਆਣਾ, ਜਸਵੰਤ ਗਿੱਲ ਸਮਾਲਸਰ,ਸਤਨਾਮ ਸਿੰਘ, ਵਰਿੰਦਰ ਸਿੰਘ,ਹਰਨੇਕ ਸਿੰਘ ਨੇਕ, ਅਮਰਜੀਤ ਸਿੰਘ ਰਣੀਆਂ, ਹਰਚਰਨ ਸਿੰਘ ਰਾਜੇਆਣਾ, ਯਸ਼ ਚੱਟਾਨੀ, ਕੰਵਲਜੀਤ ਭੋਲਾ ਲੰਡੇ, ਸੁਰਜੀਤ ਸਿੰਘ ਕਾਲੇਕੇ, ਜਗਦੀਸ਼ ਪ੍ਰੀਤਮ, ਕਾਮਰੇਡ ਜੋਗਿੰਦਰ ਸਿੰਘ ਨਾਹਰ ਵੱਲੋਂ ਰਚਨਾਵਾਂ ਪੜ੍ਹੀਆਂ ਗਈਆਂ। ਸਮਾਗਮ ਦੇ ਅਖੀਰ ਵਿੱਚ ਪ੍ਰਬੰਧਕਾਂ ਵੱਲੋਂ ਉਕਤ ਪ੍ਰਧਾਨਗੀ ਮੰਡਲ ਨੂੰ ਸਨਮਾਨ ਚਿੰਨ੍ਹ ਅਤੇ ਲੋਈਆਂ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਸਮੂਹ ਕਵੀਆਂ ਨੂੰ ਸਨਮਾਨ ਪੱਤਰ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਅਮਰਜੀਤ ਸਿੰਘ ਬਰਾੜ ਗੋਲੇਵਾਲਾ ਪ੍ਰਕਾਸ਼ਨ ਪੰਜ ਆਬ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।







ਸਮਾਗਮ ਦਾ ਰਸਮੀ ਉਦਘਾਟਨ ਚੇਅਰਮੈਨ ਰਮਨ ਮਿੱਤਲ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ ਅਤੇ ਉਨ੍ਹਾਂ ਸਭਾ ਦੀ ਆਰਥਿਕ ਸਹਾਇਤਾ ਵਾਸਤੇ 11 ਹਜ਼ਾਰ ਦੀ ਰਾਸੀ.ਪ੍ਰਬੰਧਕਾਂ ਨੂੰ ਭੇਂਟ ਕੀਤੀ। ਸਭਾ ਦੇ ਸਕੱਤਰ ਸਾਗਰ ਸਫ਼ਰੀ ਅਤੇ ਪ੍ਰਧਾਨ ਸਾਧੂ ਰਾਮ ਲੰਗੇਆਣਾ ਵੱਲੋਂ ਪਹੁੰਚੀਆਂ ਹੋਈਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਜੀ ਆਇਆਂ ਆਖਿਆ ਗਿਆ। ਸਭਾ ਦੇ ਸੀਨੀਅਰ ਮੈਂਬਰ ਜਸਵੰਤ ਜੱਸੀ ਅਤੇ ਐਸ ਇੰਦਰ ਰਾਜੇਆਣਾ ਨੇ ਸਭਾ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਲੈ ਕੇ ਹੁਣ ਤੱਕ ਕਰਵਾਏ ਗਏ ਸਾਹਿਤਕ ਸਮਾਗਮਾਂ ਵਿੱਚ ਪਹੁੰਚੀਆਂ ਹੋਈਆਂ ਸਾਹਿਤ ਜਗਤ ਦੀਆਂ ਮਹਾਨ ਹਸਤੀਆਂ ਬਾਰੇ ਚਾਨਣਾ ਪਾਇਆ। ਇਸ ਦੇ ਨਾਲ ਹੀ ਸਭਾ ਦੇ ਪ੍ਰਧਾਨ ਡਾ ਸਾਧੂ ਰਾਮ ਲੰਗੇਆਣਾ ਦੀ 10ਵੀਂ ਬਾਲ ਕਹਾਣੀਆਂ ਦੀ ਪੁਸਤਕ ਚਿੜੀਆਂ ਬੋਲ ਪਈਆਂ ਨੂੰ ਲੋਕ ਅਰਪਣ ਕਰਨ ਦੀ ਰਸਮ ਕੈਨੇਡੀਅਨ ਵਿਧਾਇਕ ਮਹਿੰਦਰ ਸਿੰਘ ਸਰਾਂ, ਚੇਅਰਮੈਨ ਰਮਨ ਮਿੱਤਲ, ਸੁਸ਼ੀਲ ਦੁਸਾਂਝ ਅਤੇ ਬਾਕੀ ਉਕਤ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਪ੍ਰਮੁੱਖ ਸਖਸ਼ੀਅਤਾਂ ਵੱਲੋਂ ਨਿਭਾਈ ਗਈ।

# ਅਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਤੋਂ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ ਲਈ ਰਵਾਨਾ



ਅੰਮ੍ਰਿਤਸਰ,10 ਨਵੰਬਰ- | (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਤੋਂ ਅਗਲੇ ਪੜਾਅ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ ਲਈ ਰਵਾਨਾ ਹੋਇਆ।

ਇਸ ਮੌਕੇ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਵਿਖੇ ਸਜੇ ਧਾਰਮਿਕ ਦੀਵਾਨ ਮੌਕੇ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਸੰਗਤਾਂ ਨਾਲ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਇਤਿਹਾਸ ਦੀ ਸਾਂਝ ਪਾਈ ਅਤੇ ਸੰਗਤ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਣਾ ਵੀ ਕੀਤੀ।

ਨਗਰ ਕੀਰਤਨ ਦੀ ਰਵਾਨਗੀ ਮੌਕੇ ਪਾਲਕੀ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸ਼ਸ਼ੋਭਿਤ ਕਰਨ ਦੀ ਸੇਵਾ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਨਿਭਾਈ। ਰਸਤੇ ਵਿਚ ਵੱਖ ਵੱਖ ਪੜਾਵਾਂ ਤੇ ਸਕੂਲੀ ਬੱਚਿਆਂ ਅਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰਦਿਆਂ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਿੰਦਰਪਾਲ ਸਿੰਘ ਗੋਰਾ, ਬੀਬੀ ਜਸਬੀਰ ਕੌਰ ਜੱਫਰਵਾਲ, ਸ. ਗੁਰਨਾਮ ਸਿੰਘ ਜੱਸਲ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਆਗੀ ਆਗੂ ਸ. ਸੁਖਜਿੰਦਰ ਸਿੰਘ ਲੰਗਾਹ, ਸ. ਪਰਮਵੀਰ ਸਿੰਘ ਲਾਡੀ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਮਨਜੀਤ ਸਿੰਘ ਤਲਵੰਡੀ, ਚੀਫ-85 ਸ. ਜਗਦੀਸ਼ ਸਿੰਘ ਬੁੱਟਰ, ਇੰਚਾਰਜ ਸ. ਸੁਖਦੀਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਸ. ਇਕਬਾਲ ਸਿੰਘ, ਸ. ਨਿਸ਼ਾਨ ਸਿੰਘ ਜੱਫਰਵਾਲ, ਸ. ਗੁਰਤਿੰਦਰਪਾਲ ਸਿੰਘ ਕਾਦੀਆ, ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਦੇ ਮੈਨੇਜਰ ਸ. ਰਣਜੀਤ ਸਿੰਘ, ਮੈਨੇਜਰ ਸ. ਸਤਨਾਮ ਸਿੰਘ, ਮੈਨੇਜਰ ਸਰਬਜੀਤ ਸਿੰਘ, ਮੈਨੇਜਰ ਸ. ਮਨਜੀਤ ਸਿੰਘ, ਸੁਪਰਵਾਈਜ਼ਰ ਸ. ਬਲਦੇਵ ਸਿੰਘ, ਪ੍ਰਚਾਰਕ ਭਾਈ ਹਰਜੀਤ ਸਿੰਘ, ਭਾਈ ਲਖਬੀਰ ਸਿੰਘ, ਭਾਈ ਦਿਲਬਾਗ ਸਿੰਘ ਸਭਰਾ, ਭਾਈ ਹਰਜਿੰਦਰ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ
ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410
Website : ggskcsarhali.ac.in E-mail : ggscollegesarhali@yahoo.co.in
For Free Registration : Scan QR Code using WhatsApp Camera

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ
10+1, 10+2 (ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ)

- B.A.
- B.C.A.
- M.Com.
- P.G.D.C.A.
- B.Sc. (N.M.)
- B.Com.
- M.A. (Pbi.)
- D.C.A.
- B.Sc. (C.Sc.)
- B.Sc. (Eco.)
- M.Sc. (IT)
- D.S.T.

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕੋਰਸ

- B.C.A.
- M.A. (Pbi.)
- D.I.T.
- D.F.D.
- B.Com.
- M.A. (Eng.)
- M.Sc. (C.Sc.)
- C.G.S.T.
- B.B.A.
- M.C.A.
- M.B.A.
- Diploma in Care Giver (Old Age Care)
- Diploma in Nanny Care (Early Childhood Care)

ਵਿਸ਼ੇਸ਼ ਸਹੂਲਤਾਂ

- ਦਸਵੀਂ/ਬਾਰਵੀਂ ਚੋਂ 90% ਤੋਂ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 25% ਤੱਕ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
- ਇੱਕੋ ਪਰਿਵਾਰ ਦੇ ਸਕੇ ਭੈਣ ਭਰਾ ਨੂੰ ਫ਼ੀਸ ਵਿਚ ਵਿਸ਼ੇਸ਼ ਰਿਆਇਤ।
- ਅਨੁਸੂਚਿਤ ਸ਼੍ਰੇਣੀ (S.C.) ਦੇ ਯੋਗ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਵਜ਼ੀਫ਼ੇ ਦੀ ਸਹੂਲਤ।
- ਗ਼ੈਰ ਸਰਕਾਰੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਵੱਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ/ਆਰਥਿਕ ਸਹਾਇਤਾ ਦੀ ਸਹੂਲਤ।
- N.C.C., N.S.S., Gym, ਬੁੱਕਸ਼ਾਪ, ਕੈਫ਼ੇਟੇਰੀਆ ਅਤੇ ਖੇਡਾਂ ਦੀ ਵਿਸ਼ੇਸ਼ ਸਹੂਲਤ । ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮੇਹਨਤੀ ਸਟਾਫ਼।

ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ) (ਮੋ): 98781-70700
Helpline No. : 95011-03467, 98780-68015, 94179-36759, 81469-99004
ਡਾ. ਜਸਬੀਰ ਸਿੰਘ ਗਿੱਲ (ਪ੍ਰਿੰਸੀਪਲ) (ਮੋ): 95017-46500

# ਸਿਟੀਜਨ ਕੌਂਸਲ ਵੱਲੋਂ ਧੀਆਂ ਦੇ ਵਿਆਹ ਕਰਨੇ ਇੱਕ ਉੱਤਮ ਕਾਰਜ

ਤਰਨ ਤਾਰਨ 10 ਨਵੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ

ਇਲਾਕੇ ਦੀ ਪ੍ਰਮੁੱਖ ਸਮਾਜ ਸੇਵੀ ਸੰਸਥਾ ਸਿਟੀਜਨ ਕੌਂਸਲ ਵੱਲੋ ਸੇਵਾ ਮੁਕਤ ਲੈਕਚਰਾਰ ਅਤੇ ਕੌਂਸਲ ਪ੍ਰਧਾਨ ਸੁਖਵੰਤ ਸਿੰਘ ਧਾਮੀ ਦੀ ਅਗਵਾਈ ਹੈ ਸਮੂਹ ਮੈਂਬਰਾਂ ਅਤੇ ਸਮਾਜ ਸੇਵਕਾਂ ਦੇ ਸ਼ਹਿਯੋਗ ਨਾਲ 34ਵਾ ਕੰਨਿਆਂ ਦਾਨ ਸਮਾਗਮ ਗੁਰਦੁਆਰਾ ਬੀਬੀ ਭਾਨੀ ਜੀ ਦਾ ਖੂਹ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕੌਂਸਲਰ ਸਰਬਜੀਤ ਸਿੰਘ ਭੁੱਲਰ ਬਤੌਰ ਮੁੱਖ ਮਹਿਮਾਨ ਅਤੇ ਪ੍ਰਸਿੱਧ ਸਮਾਜ ਸੇਵੀ( ਮਹਿੰਦਰਾ ਏਜੰਸੀ ਵਾਲੇ )ਵਿਸ਼ੇਸ ਤੋਰ ਤੇ ਸ਼ਾਮਿਲ ਹੋਏ ਇਸ ਮੌਕੇ ਉਨ੍ਹਾਂ ਨਵ ਵਿਵਾਹਿਤ ਜੋੜਿਆਂ ਨੂੰ ਅਸ਼ੀਰਵਾਦ ਦੇਂਦੇ ਹੋਏ ਕੌਂਸਲ ਵੱਲੋ ਆਰੰਭੇ ਇਸ ਮਹਾਨ ਕਾਰਜ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਇੱਕ ਬਹੁਤ ਹੀ ਉੱਤਮ ਉਪਰਾਲਾ ਹੈ ਅਤੇ ਇਸ ਕਾਰਜ ਲਈ ਪ੍ਰਮੁੱਖ ਸਮਾਜ ਸੇਵੀ ਸੰਸਥਾ ਸਿਟੀਜਨ ਕੌਂਸਲ ਤਰਨ ਤਾਰਨ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋੜੀ ਹੈ ।

ਸਮਾਗਮ ਵਿੱਚ ਦਿਲਬਾਗ ਸਿੰਘ ਬਾਠ ਪ੍ਰਧਾਨ ਆੜਤੀ ਐਸੋਸੀਏਸ਼ਨ ਤਰਨ ਤਾਰਨ ਨੇ ਸ਼ਾਮਿਲ ਹੋ ਕੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਨਵ ਵਿਵਾਹਿਤ ਜੋੜਿਆਂ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਧੀਆਂ ਦੇ ਵਿਆਹ ਕਰਨੇ ਬਹੁਤ ਔਖਾ ਕਾਰਜ ਹੁੰਦਾ ਹੈ ਅਤੇ ਇਸ ਸੰਸਥਾ ਵੱਲੋਂ ਹੁਣ ਤੱਕ ਹਜ਼ਾਰਾਂ ਧੀਆਂ ਦੇ ਵਿਆਹ ਕਰਕੇ ਲੋੜਵੰਦ ਮਾਪਿਆਂ ਨੂੰ ਬਹੁਤ ਵੱਡੀ ਰਾਹਤ ਦੁਆਈ ਹੈ ।

ਸਮਾਗਮ ਵਿੱਚ ਲਖਵਿੰਦਰ ਸਿੰਘ ਲੱਕੀ ਪ੍ਰਮੁੱਖ ਸਮਾਜ ਸੇਵੀ, ਸ਼ਸ਼ਪਾਲ ਸਿੰਘ ਵਾਲੀਆ (ਯੂਐਸਏ),ਪ੍ਰਿੰਸੀਪਲ ਸੰਦੀਪ ਕੌਰ ਢਿੱਲੋ, ਮੈਡਮ ਅੰਜੂ ਵਰਮਾ ਪ੍ਰਸਿੱਧ ਸਮਾਜ ਸੇਵੀ,ਅਰਵਿੰਦਰ ਸਿੰਘ ਮੌਜੀ, ਸੁਰਿੰਦਰ ਸਿੰਘ ਮੱਲੀ ਕੌਂਸਲਰ, ਮੈਡਮ ਮਨਦੀਪ ਕੌਰ ( ਅਲਾਦੀਨਪੁਰ ਸਕੂਲ ), ਸਰਦਾਰ ਹਰਜਿੰਦਰ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ, ਅਮਰੀਕ ਸਿੰਘ ਪ੍ਰਧਾਨ ਭਾਈ ਧੰਨਾ ਜੀ ਸੇਵਾ ਸੁਸਾਇਟੀ ਅਤੇ ਮੈਂਬਰਾਨ, ਮਾਸਟਰ ਰਘਬੀਰ ਸਿੰਘ ਲਾਲੂ ਘੁੰਮਣ , ਪਿਆਰਾ ਸਿੰਘ ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫ਼ਸਰ ,ਪ੍ਰਿੰਸੀਪਲ ਰਮਨ ਦੂਆ ਅਤੇ ਸਮੁੱਚੀ ਟੀਮ ,ਗੁਰਮੇਜ਼ ਸਿੰਘ ਪ੍ਰਧਾਨ ਭਗਵਾਨਪੁਰ ਅਤੇ ਸਮੁੱਚੀ ਟੀਮ , ਕਿਰਪਾਲ ਸਿੰਘ ਰਿਟਾਇਰਡ ਏਜੀਐਮ, ਡਾਕਟਰ ਮਹਿੰਦਰ ਪਾਲ ਅਰੋੜਾ, ਕੁਲਤਾਰਨ ਸਿੰਘ ਅੰਮ੍ਰਿਤਸਰ, ਮੈਡਮ ਕੁਲਜੀਤ ਕੌਰ, ਬੀਬੀ ਮਨਜੀਤ ਕੌਰ ਹੇਮਕੁੰਡ ਸਾਹਿਬ ਕੀਰਤਨੀ ਜਥਾ ,ਬੀਬੀ ਦਰਸ਼ਨ ਕੌਰ, ਕਿਰਪਾਲ ਸਿੰਘ ਸਰਹੱਦੀ ਅਤੇ ਹੋਰ ਅਨੇਕਾਂ ਸ਼ਖਸੀਅਤਾਂ ਸਮਾਗਮ ਵਿੱਚ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋ ਕੇ ਨਵ ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ।

ਸਿਟੀਜਨ ਕੌਂਸਲ ਵੱਲੋਂ ਨਵਵਿਆਹੇ ਜੋੜਿਆਂ ਨੂੰ ਹਰ ਸਾਲ ਦੀ ਤਰ੍ਹਾਂ ਘਰੇਲੂ ਵਰਤੋਂ ਦਾ ਸਮਾਨ( ਡਬਲ ਬੈਡ ,ਲੋਹੇ ਦੀ ਅਲਮਾਰੀ ,ਬਿਸਤਰੇ ,ਕੱਪੜੇ ,ਪੱਖਾ ,ਬਰਤਨ ,ਦੀਵਾਰ ਘੜੀ,ਮੇਜ਼ ਕੁਰਸੀਆਂ ਆਦਿ ਘਰੇਲੂ ਵਰਤੋਂ ਦਾ ਸਮਾਨ ਵੀ ਦਿੱਤਾ ਗਿਆ।

34ਵੇ ਕੰਨਿਆ ਦਾਨ ਸਮਾਗਮ ਦੀ ਸਫਲਤਾ ਵਾਸਤੇ ਸਿਟੀਜਨ ਕੌਂਸਲ ਦੇ ਪ੍ਰਧਾਨ ਸੁਖਵੰਤ ਸਿੰਘ ਧਾਮੀ, ਕੁਲਵਿੰਦਰ ਸਿੰਘ ਲਵਲੀ ਲੈਕਚਰਾਰ ,ਬਲਰਾਜ ਸਿੰਘ ਚਾਵਲਾ ,ਡਾਕਟਰ ਸੁਖਦੇਵ ਸਿੰਘ ਲਹੁਕਾ,( ਦੋਵੇਂ ਪੈਟਰਨ), ਸਾਬਕਾ ਪ੍ਰਧਾਨ ਨਰਿੰਦਰ ਸਿੰਘ ਰਿਟਾਇਰਡ ਬੈਂਕ ਮੈਨੇਜਰ, ਹਰਵਿੰਦਰ ਸਿੰਘ ,ਸਾਬਕਾ ਬੈਂਕ ਮੈਨੇਜਰ,ਅਵਤਾਰ ਸਿੰਘ ਤਨੇਜਾ ਸਾਬਕਾ ਪ੍ਰਧਾਨ ਅਤੇ ਮੁੱਖ ਸੇਵਾਦਾਰ ਰਾਈਸ ਮਿਲਰਜ਼ ਐਸੋਸੀਏਸ਼ਨ, ਜੀਤ ਸਿੰਘ ਸਰਾਫ ਮੀਤ ਪ੍ਰਧਾਨ, ਹਰਿੰਦਰ ਸਿੰਘ ਪਲਾਸੌਰ ਸਾਬਕਾ ਪ੍ਰਧਾਨ ,ਗੁਰਮੀਤ ਸਿੰਘ ਰਾਜਪੂਤ ,ਸਵਰਨ ਅਰੋੜਾ, ਕਮਲਪ੍ਰੀਤ ਸਿੰਘ ਵਿੱਤ ਸਕੱਤਰ,ਚਰਨ ਜੀਤ ਗੁਲਾਟੀ, ਗੋਪਾਲ ਸਿੰਘ ਜੱਸਲ,ਸਵਿੰਦਰ ਸਿੰਘ ਅਰੋੜਾ, ਅਰੂੜ ਸਿੰਘ ਸਮਾਗਮ ਕਨਵੀਨਰ ,ਮੁਖਤਿਆਰ ਸਿੰਘ ਸੂਬੇਦਾਰ ,ਇੰਜੀਨੀਅਰ ਜਸਦੀਪ ਸਿੰਘ ਗਾਂਧੀ ,ਗੁਲਜਾਰ ਸਿੰਘ ਭੁੱਟੋ ,ਹਰਜਿੰਦਰ ਸਿੰਘ ਵਾਲੀਆ ਪੱਤਰਕਾਰ ,ਜਗਜੀਤ ਸਿੰਘ ਬੈਂਕ ਵਾਲੇ ,ਹੈਡਮਾਸਟਰ ਗੁਰਦਿਆਲ ਸਿੰਘ ,ਪ੍ਰਿੰਸੀਪਲ ਫੂਲਾ ਸਿੰਘ ,ਗੁਰਮੁਖ ਸਿੰਘ ਠੇਕੇਦਾਰ, ਗੁਰਿੰਦਰ ਵੀਰ ਸਿੰਘ ਧਾਮੀ ,ਸੁਖਦੇਵ ਸਿੰਘ ,ਵਿਪਨ ਕੁਮਾਰ ਢੀਂਗਰਾ ,ਜਸਬੀਰ ਸਿੰਘ ਗਾਂਧੀ ,ਮਾਸਟਰ ਅਮਰਜੀਤ ਸਿੰਘ ਨੈਸ਼ਨਲ ਐਵਾਰਡੀ ,ਡਾਕਟਰ ਨਿਰਮਲਜੀਤ ਸਿੰਘ ਵਰਪਾਲ ,ਜਸਵਿੰਦਰ ਸਿੰਘ ਜੱਸੀ ਵਸੀਕਾ ,ਕਸ਼ਮੀਰ ਸਿੰਘ ਓਕੇ ਟੇਲਰ ,ਪ੍ਰਿੰਸੀਪਲ ਬਿਕਰਮਜੀਤ ਸਿੰਘ ,ਨਰੇਸ਼ ਮਰਵਾਹਾ ,ਮਨਜਿੰਦਰ ਸਿੰਘ ਘੁੰਮਣ ,ਬਲਬੀਰ ਸਿੰਘ ਕਾਹਲੋਂ , ਪ੍ਰਿੰਸੀਪਲ ਚਮੇਲ ਸਿੰਘ, ਮੈਡਮ ਲਖਵਿੰਦਰ ਕੌਰ ਸਲਾਈ ਟੀਚਰ, ਨਰਿੰਦਰ ਸਿੰਘ ਸਰਾਫ ,ਜਥੇਦਾਰ ਹਰਪ੍ਰੀਤ ਸਿੰਘ ਖਾਲਸਾ ,ਲੱਖਾ ਸਿੰਘ ਪ੍ਰਧਾਨ ,ਕੁਲਦੀਪ ਸਿੰਘ ਢਿੱਲੋਂ ,ਗੁਰਿੰਦਰ ਸਿੰਘ ਸੋਨੂ ,ਪਾਵੇਲ ਸਿੰਘ ਪੰਨੂ,ਪ੍ਰਿੰਸੀਪਲ ਮਲਕੀਤ ਸਿੰਘ , ਵਿੱਕੀ ਪ੍ਰਿੰਸ , ਮਨਦੀਪ ਸਿੰਘ ਕਾਕੂ ਗੁੜਵਾਲੇ ਆਦਿ ਮੈਂਬਰਾਂ ਅਤੇ ਸਹਿਯੋਗੀਆਂ ਨੇ ਦਿਨ ਰਾਤ ਮਿਹਨਤ ਕਰਕੇ ਇਸ ਸਮਾਗਮ ਨੂੰ ਸਫਲ ਕੀਤਾ। ਸਿਟੀਜਨ ਕੌਂਸਲ ਵੱਲੋਂ ਸਾਰੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਿਟੀਜਨ ਕੌਂਸਲ ਵੱਲੋਂ ਸਮੂਹ ਮਹਿਮਾਨਾਂ ,ਪੱਤਰਕਾਰ ਭਾਈਚਾਰਾ ,ਮੈਨੇਜਰ ਸ੍ਰੀ ਦਰਬਾਰ ਸਾਹਿਬ, ਸਿਲਾਈ ਸੈਂਟਰ ਦੀਆਂ ਵਿਦਿਆਰਥਣਾ ,ਸਹਿਯੋਗੀ ਸਮਾਜਿਕ ਸੰਸਥਾਵਾਂ ਅਤੇ ਸਾਰੇ ਹੀ ਦਾਨੀ ਸੱਜਣਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ ।

ਪ੍ਰਮੁੱਖ ਸਮਾਜ ਸੇਵੀ ਸੰਸਥਾ ਸਿਟੀਜਨ ਕੌਂਸਲ ਕਰਵਾਏ 34ਵੇ ਕੰਨਿਆ ਦਾਨ ਸਮਾਗਮ ਮੌਕੇ ਨਵ ਵੈ ਜੋੜਿਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਸਰਬਜੀਤ ਸਿੰਘ ਭੁੱਲਰ, ਪ੍ਰਧਾਨ ਸੁਖਵੰਤ ਸਿੰਘ ਧਾਮੀ ਅਤੇ ਹੋਰ ਸਮਾਜ ਸੇਵੀ ਅਤੇ ਸਿਟੀਜਨ ਕੌਂਸਲ ਦੇ ਮੈਂਬਰ ਅਤੇ ਅਹੁਦੇਦਾਰ।




Kisan AUTOMOBILES
ਤੁਹਾਡੀ ਆਪਣੀ
Hero
ਕਿਸਾਨ ਹੀਰੋ ਅਜੰਸੀ
ਚੋਹਲਾ ਸਾਹਿਬ
ਵੱਲੋਂ
ਦੀਵਾਲੀ ਧਮਾਕਾ
ਸਪਲੈਂਡਰ
HF-DELUX
ਨਾਲ ਪਾਓ
ਫ੍ਰੀ ਗਿਫਟ
DP 9999/-
DP 6999/-
ਪਹਿਲਾ ਦੀ ਤਰ੍ਹਾਂ ਇਸ ਵਾਰ ਵੀ
ਘੱਟ ਰੇਟ
ਘੱਟ ਕਾਗਜ਼ੀ ਕਾਰਵਾਈ
ਘੱਟ ਵਿਆਜ ਦਰ
ਮੌਕੇ ਤੇ ਬੈਂਕ ਲੋਨ
ਪੁਰਾਣਾ ਮੋਟਰ ਸਾਈਕਲ ਵਿੱਚ ਦੇ ਕੇ ਨਵਾਂ ਲੈਣ ਤੇ ਪਾਓ 2000/- ਦੀ ਛੋਟ+ ਨਾਲ 5 ਲੀਟਰ ਪੈਂਟਰੋਲ
ਵੱਧ ਆਫਰਾਂ ਦਾ ਲਾਭ ਲੈਣ ਲਈ ਜਲਦੀ ਆਓ
ਕਿਸਾਨ ਆਟੋਮੋਬਾਈਲਜ਼
ਨੇੜੇ ਪਟਰੋਲ ਪੰਪ, ਸਰਹਾਲੀ ਰੋਡ, ਚੋਹਲਾ ਸਾਹਿਬ (ਤਰਨ ਤਾਰਨ)
M: 81467-57144, 94787-57144, 70972-42000


ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ
ਗੁਰੂ ਅਰਜਨ ਦੇਵ ਖਾਲਸਾ ਕਾਲਜ
ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ
ਸ. ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ
ਜਥੇ. ਗੁਰਬਚਨ ਸਿੰਘ ਕਰਮੂੰਵਾਲਾ
ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ
Courses Offered
Post Graduation : • M.Sc. (Comp. Sci.) • M.Com.
Graduation : • BCA • B.Sc.(IT)
• B.Sc. (Comp. Sci.) • B.Sc. (Eco.) • B.Sc. (N.Med.)
• BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ
10+1 & 10+2
Medical, Non-Medical, Commerce and Arts
ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਪ੍ਰਾਪਤ
• Diploma in Artificial Intelligence
• Diploma in Cyber Security
• Certification Course in Digital Marketing
• Certification Course in Nanny Care
Affiliated to Jagat Guru Nanak Dev Punjab State Open University, Patiala
ਵਿਸ਼ੇਸ਼ਤਾਵਾਂ
ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
ਅਤਿ-ਅਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ
ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ


ਵਿਦਿਆ ਦਾ ਗੁਰੂਕੁਲ ਗਿਆਨ ਦਾ ਸਾਗਰ
ਸ਼ਿਪਸ ਇੰਸਟੀਚਿਊਟਸ, ਰਾਣੀਵਲਾਹ
ਤਰਨ ਤਾਰਨ
SHIPS LONDON
KIDS PLAY PEN SCHOOL
What makes us Special?
• Loving and Caring Environment
• Dedicated Teachers and Staff
• Individual Education Plans
• Smart Class Room
• Creative Corner
• Big Outdoor Play Area
Admission Open
There is no Better Secure, Safe and Fun Place to Leave your Kid than in this School
Transport Facility Available
ਗੁਲਵਿੰਦਰ ਸਿੰਘ ਸੰਧੂ
ਡਾਇਰੈਕਟਰ
ਨਿਰਭੈਅ ਸਿੰਘ
ਪ੍ਰਿੰਸੀਪਲ
School Time : 10-00 am to 12-00 p.m.
Village Raniwallah, Chohla Sahib, TARN TARAN.
Mob. : 98148-64435, 98148-64437


MSM CONVENT SCHOOL
DHUN ROAD, CHOHLA SAHIB,
DISTT. TARN TARAN
Affiliated to CBSE New Delhi
ADMISSION OPEN
PLAYWAY TO XII
• Medical • Non-Medical
• Commerce • Arts Stream
*Age criteria as on 31st March
Playway : 2+ Years
Nursery : 3 to 4 Years
LKG : 4 to 5 Years
UKG : 5 to 6 Years
FREE ADMISSION IN PLAYWAY NURSERY & LKG for First 50 seats only
• Digital & Smart School • Parent's Orientation
• Emphasis on Creativity, Innovation, Public Speaking & Theatre
• Extensive Sports facilities like Cricket, Basketball, Kabaddi, Wrestling, Badminton, Football, Chess etc.
• FAP State Award for best sports facilities
• FAP National Award for budget-friendly School
• Holistic Development through Experiential Learning
50% Off IN ADMISSION CHARGES FOR ALL CLASSES for First 50 seats only
For Career opportunity : msmconventschool@gmail.com
Limited Seats Available
So Hurry Up! Call Now : 8288073538
msmconventschool@gmail.com
www.msmconventschool.com


ਵੈਬਸਾਇਟ ਬਣਵਾਉਣ ਲਈ ਸੰਪਰਕ ਕਰੋ
+91 99881 82740


CALLSTEM SOFTWARE LLP
Unlock your business's true potential with our expertise. Join us today and watch your brand soar!
OUR SERVICES
• Web Design and Development
• Mobile Application Development
• Social Media Management & Marketing
• Graphics Designing
• Custom Software Solutions
Contact - 9463661542

# ਤਰਨ ਤਾਰਨ ਜ਼ਿਮਨੀ ਚੋਣ `ਚ ਵੋਟ ਪਾਉਣ ਲਈ ਅੱਜ ਤਨਖਾਹ ਵਾਲੀ ਛੁੱਟੀ ਘੋਸ਼ਿਤ



ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ, 10 ਨਵੰਬਰ

- ਪੰਜਾਬ ਵਿਧਾਨ ਸਭਾ ਦੇ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਲਈ 11 ਨਵੰਬਰ 2025 (ਮੰਗਲਵਾਰ) ਨੂੰ ਵੋਟਾਂ ਪੈਣੀਆਂ ਹਨ। ਇਸ ਦਿਨ ਇਨ੍ਹਾਂ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹਲਕਾ ਤਰਨ ਤਾਰਨ ਵਿਖੇ ਸਥਿਤ ਸਾਰੇ ਸਰਕਾਰੀ ਦਫਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਅਤੇ ਵਿਦਿਅਕ ਅਦਾਰਿਆਂ ਲਈ ਸਥਾਨਕ ਛੁੱਟੀ ਸਮੇਤ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ-1881 ਅਧੀਨ ਘੋਸ਼ਿਤ ਕੀਤੀ ਗਈ ਹੈ।

ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ, ਆਈ.ਏ.ਐੱਸ. ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਜੇਕਰ ਕੋਈ ਸਰਕਾਰੀ ਅਧਿਕਾਰੀ/ਕਰਮਚਾਰੀ ਤਰਨ ਤਾਰਨ ਹਲਕੇ ਦਾ ਵੋਟਰ ਹੈ ਅਤੇ ਪੰਜਾਬ ਦੇ ਸਰਕਾਰੀ ਦਫਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਕੰਮ ਕਰਦਾ ਹੈ ਤਾਂ ਉਹ ਵੋਟ ਪਾਉਣ ਲਈ ਆਪਣਾ ਵੋਟਰ ਕਾਰਡ ਪੇਸ਼ ਕਰਕੇ ਸਬੰਧਤ ਅਥਾਰਟੀ ਤੋਂ ਇਹ ਸਪੈਸ਼ਲ ਛੁੱਟੀ ਲੈ ਸਕੇਗਾ। ਇਹ ਛੁੱਟੀ ਅਧਿਕਾਰੀਆਂ/ਕਰਮਚਾਰੀਆਂ ਦੇ ਛੁੱਟੀਆਂ ਦੇ ਖਾਤੇ ਵਿੱਚੋਂ ਨਹੀਂ ਕੱਟੀ ਜਾਵੇਗੀ। ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 135-ਬੀ (1) ਦੇ ਤਹਿਤ ਵੀ ਇਹ ਤਨਖਾਹ ਵਾਲੀ ਛੁੱਟੀ ਘੋਸ਼ਿਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਛੁੱਟੀ ਉਦਯੋਗਿਕ ਅਦਾਰਿਆਂ, ਕਾਰੋਬਾਰਾਂ, ਵਪਾਰਾਂ, ਦੁਕਾਨਾਂ ਜਾਂ ਹੋਰ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ `ਤੇ ਲਾਗੂ ਹੁੰਦੀ ਹੈ, ਜੋ ਜ਼ਿਮਨੀ ਚੋਣ ਲਈ ਵੋਟਿੰਗ ਵਾਲੇ ਦਿਨ ਵੋਟ ਪਾਉਣ ਦੇ ਹੱਕਦਾਰ ਹਨ।ਇਸ ਤੋਂ ਇਲਾਵਾ ਪੰਜਾਬ ਦੁਕਾਨਾਂ ਅਤੇ ਕਾਰੋਬਾਰੀ ਅਦਾਰਿਆਂ ਐਕਟ 1958 ਦੀ ਧਾਰਾ 28 ਅਧੀਨ ਹਲਕੇ ਦੇ ਉਦਯੋਗਿਕ ਅਦਾਰਿਆਂ ਅਤੇ ਦੁਕਾਨਾਂ ਵਿੱਚ ਕੰਮ ਕਰਨ ਵਾਲੇ ਸਾਰੇ ਕਾਮਿਆਂ, ਜੋ ਕਿ ਹਲਕੇ ਦੇ ਵੋਟਰ ਹਨ, ਲਈ ਵੀ ਛੁੱਟੀ ਐਲਾਨੀ ਗਈ ਹੈ। ਇਸ ਲਈ ਵੋਟ ਪਾਉਣ ਵਾਲੇ ਕਰਮਚਾਰੀ ਨੂੰ ਕੰਮ ਕਰਨ ਲਈ ਬੁਲਾਇਆ ਨਹੀਂ ਜਾ ਸਕਦਾ ਹੈ।

# ਜ਼ਿਮਨੀ ਚੋਣ 021-ਤਰਨ ਤਾਰਨ ਦੇ ਮੱਦੇਨਜ਼ਰ 9 ਨਵੰਬਰ ਸ਼ਾਮ 6:00 ਵਜੇ ਤੋਂ 11 ਨਵੰਬਰ ਸ਼ਾਮ 6:00 ਵਜੇ ਤੱਕ ਡਰਾਈ ਡੇਅ ਘੋਸ਼ਿਤ



ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ, 10 ਨਵੰਬਰ

ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਜ਼ਿਮਨੀ ਚੋਣ ਨੂੰ ਮੁੱਖ ਰੱਖਦੇ ਹੋਏ ਐਕਸਾਈਜ਼ ਕਮਿਸ਼ਨਰ ਪੰਜਾਬ ਵੱਲੋਂ ਸਾਰੇ ਵਿਧਾਨ ਸਭਾ ਹਲਕਾ ਤਰਨ ਤਾਰਨ ਅਤੇ ਇਸ ਦੇ ਨਾਲ ਲਗਦੇ ਹਲਕਿਆਂ ਦੇ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ 9 ਨਵੰਬਰ ਨੂੰ ਸ਼ਾਮ 6:00 ਵਜੇ ਤੋਂ 11 ਨਵੰਬਰ ਸ਼ਾਮ 6:00 ਵਜੇ ਤੱਕ ਅਤੇ 14 ਨਵੰਬਰ ਨੂੰ ਡਰਾਈ ਡੇਅ ਘੋਸ਼ਿਤ ਕੀਤਾ ਗਿਆ ਹੈ।

ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਰਾਹੁਲ, ਆਈ.ਏ.ਐੱਸ. ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 9 ਨਵੰਬਰ ਨੂੰ ਸ਼ਾਮ 6:00 ਵਜੇ ਤੋਂ 11 ਨਵੰਬਰ ਸ਼ਾਮ 6:00 ਵਜੇ ਤੱਕ ਵਿਧਾਨ ਸਭਾ ਹਲਕਾ ਤਰਨ ਤਾਰਨ ਅਤੇ ਇਸ ਦੇ ਨਾਲ ਲਗਦੇ ਹਲਕਿਆਂ ਦੇ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਸ਼ਰਾਬ ਦੇ ਸਾਰੇ ਠੇਕੇ ਬੰਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ 14 ਨਵੰਬਰ ਨੂੰ ਵੋਟਾਂ ਦੀ ਗਿਣਤੀ ਵਾਲੇ ਦਿਨ ਵੀ ਵਿਧਾਨ ਸਭਾ ਹਲਕਾ ਤਰਨ ਤਾਰਨ ਅਤੇ ਇਸ ਦੇ ਨਾਲ ਲਗਦੇ ਹਲਕਿਆਂ ਦੇ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਡਰਾਈ ਡੇਅ ਹੋਵੇਗਾ। ਇਹ ਹੁਕਮ ਸਮੇਂ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਕਤਰਫਾ ਜਾਰੀ ਕਰਕੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਗਿਆ ਹੈ। ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਡਰਾਈ ਡੇਅ ਤਹਿਤ ਵਿਧਾਨ ਸਭਾ ਹਲਕਾ ਤਰਨ ਤਾਰਨ ਅਤੇ ਇਸਦੇ ਨਾਲ ਲੱਗਦੇ ਤਹਿ ਖੇਤਰ ਅਧੀਨ ਆਉਂਦੇ ਸ਼ਰਾਬ ਦੇ ਸਾਰੇ ਠੇਕੇ ਅਤੇ ਗੁਦਾਮ ਬੰਦ ਕਰ ਦਿੱਤੇ ਗਏ ਹਨ ਅਤੇ ਐਕਸਾਈਜ਼ ਵਿਭਾਗ ਦੇ ਅਧਿਕਾਰੀਆਂ ਵੱਲੋਂ ਇਸ ਸਬੰਧੀ ਵਿਸ਼ੇਸ਼ ਚੌਕਸੀ ਵਰਤੀ ਜਾ ਰਹੀ ਹੈ।

# ਸ਼ਹਿਰੀ ਵੱਡੇ ਹਿੰਦੂ ਚਿਹਰੇ ਤੇ ਸਮਾਜ ਸੇਵੀ ਸੰਦੀਪ ਗੱਟੂ ਦਰਜਨਾਂ ਸਾਥੀਆਂ ਸਣੇ "ਆਪ" ਚ ਹੋਏ ਸ਼ਾਮਲ



ਤਰਨ ਤਾਰਨ, 10 ਨਵੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ

ਆਮ ਆਦਮੀ ਪਾਰਟੀ ਨੂੰ ਅਜਨਾਲਾ ਸ਼ਹਿਰ ਚ ਉਸ ਸਮੇਂ ਜ਼ਬਰਦਸਤ ਹੁਲਾਰਾ ਮਿਲਿਆ, ਜਦੋਂ ਸਾਬਕਾ ਕੈਬਨਿਟ ਮੰਤਰੀ ਪੰਜਾਬ ਤੇ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਦੀ ਹਲਕਾ ਅਜਨਾਲਾ ਚ ਬਦਲਾ ਲਊ ਨਫ਼ਰਤੀ ਰਾਜਨੀਤੀ ਦੀ ਬਜਾਏ ਫਿਰਕੂ ਸਦਭਾਵੀ ਤੇ ਅਮਨ ਸ਼ਾਂਤੀ ਦੀ ਪਰਪੱਕ ਬਹਾਲੀ, ਨਿਰਪੱਖ ਚਹੁੰ ਮੁੱਖੀ ਵਿਕਾਸ ਤੇ ਲੋਕਾਂ ਦੇ ਦੁੱਖ ਸੁੱਖ ਚ ਨਿਰੰਤਰ ਸ਼ਾਮਲ ਹੋ ਕੇ ਭਰਾਤਰੀ ਸਹਿਯੋਗੀ ਸੇਵਾਵਾਂ ਦੇਣ ਨੂੰ ਕਰਮਯੋਗੀ ਮਾਨਵਤਾ ਸੇਵਾ ਦੇ ਮੀਲ ਪੱਥਰ ਐਲਾਨਦਿਆਂ ਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੂੰ ਕ੍ਰਾਂਤੀਕਾਰੀ ਲੋਕ ਰਾਜੀ ਸਰਕਾਰ ਕਰਾਰ ਦਿੰਦਿਆਂ ਹਿੰਦੂ ਭਾਈਚਾਰੇ ਦੀਆਂ ਵੱਖ ਵੱਖ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੀਆਂ ਸੇਵਾ ਤੇ ਜੁਝਾਰੂ ਮੋਹਰਲੀਆਂ ਸਫ਼ਾ ਦੇ ਨਿਧੜਕ ਚਿਹਰੇ ਨੁਮਾਂ ਆਗੂ ਸੰਦੀਪ ਕੌਸ਼ਲ ਗੱਟੂ, ਜਿਨ੍ਹਾਂ ਦੇ ਮਾਤਾ ਤੇ ਮਹਿਲਾ ਕਾਂਗਰਸ ਆਗੂ ਸ੍ਰੀਮਤੀ ਨੀਲਮ ਰਾਣੀ ਅਜਨਾਲਾ ਸ਼ਹਿਰ ਦੀ ਵਾਰਡ ਨੰਬਰ 11 ਤੋਂ ਕਾਂਗਰਸ ਟਿਕਟ 'ਤੇ ਕਿਸਮਤ ਅਜ਼ਮਾ ਚੁੱਕੇ ਅਤੇ ਸ੍ਰੀ ਗੱਟੂ ਜੋ ਖੁਦ ਵੀ ਇਸੇ ਵਾਰਡ ਤੋਂ ਕਾਂਗਰਸ ਦੇ ਵਾਰਡ ਇੰਚਾਰਜ ਰਹਿ ਚੁੱਕੇ ਹਨ, ਵਲੋਂ ਆਪਣੇ ਮਾਤਾ ਨੀਲਮ ਰਾਣੀ, ਹੋਰ ਪ੍ਰਵਾਰਿਕ ਮੈਬਰਾਂ ਤੇ ਦਰਜਨਾਂ ਸਰਗਮ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਚ ਪੂਰੇ ਜੋਸ਼ੋ ਖਰੋਸ਼ ਨਾਲ ਜ਼ਿੰਦਾਬਾਦ ਨਾਅਰਿਆਂ ਦੀ ਗੂੰਜ ਚ ਸ਼ਾਮਲ ਹੋਣ ਦਾ ਐਲਾਨ ਕੀਤਾ। 'ਆਪ ' ਦੀ ਸੀਨੀਅਰ ਮਹਿਲਾ ਆਗੂ ਤੇ ਹਲਕਾ ਪੱਧਰੀ ਸਿੱਖਿਆ ਕੋਆਰਡੀਨੇਟਰ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਦੇ ਉਦਮ ਨਾਲ ਹੋਏ ਪ੍ਰਭਾਵਸ਼ਾਲੀ ਸਮਾਗਮ ਚ ਸ਼ਾਮਲ ਹੋਣ ਵਾਲੇ ਸੰਦੀਪ ਕੌਸ਼ਲ ਗੱਟੂ ਸਣੇ ਹੋਰਾਂ ਨੂੰ ਮੁੱਖ ਮਹਿਮਾਨ ਸਾਬਕਾ ਮੰਤਰੀ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਸਨਮਾਨਿਤ ਕਰਕੇ ਭਰਵਾਂ ਸੁਆਗਤ ਕੀਤਾ ਅਤੇ ਸ੍ਰੀ ਗੱਟੂ ਨੂੰ ਪਾਰਟੀ ਫਰੰਟ ਤੋਂ ਯੁਵਾ ਤੇ ਹੋਰ ਵੱਕਾਰੀ ਤੇ ਵੱਡੀਆਂ ਜ਼ਿੰਮੇਵਾਰੀਆਂ ਨਾਲ ਜਲਦੀ ਨਿਵਾਜੇ ਜਾਣ ਲਈ ਥਾਪੜਾ ਦਿੱਤਾ। ਸ.ਧਾਲੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ,ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸੂਬਾ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ ਵਾਲੀ ਪੰਜਾਬ ਚ ਇਕੋ ਇੱਕ ਅਜਿਹੀ ਸਿਆਸਤ ਚ ਬਦਲਾਅ ਲਿਆਉਣ ਵਾਲੀ "ਆਪ" ਸਹੀ ਮਾਅਨਿਆਂ ਚ ਆਮ ਆਦਮੀ ਦੀ ਪਾਰਟੀ ਹੋ ਨਿਬੜੀ ਹੈ, ਪਿੰਡਾਂ ਤੇ ਸ਼ਹਿਰਾਂ ਚ ਲੋਕ ਸੇਵਾਵਾਂ ਨੂੰ ਅਰਪਿਤ ਆਮ ਆਦਮੀ ਦੇ ਜਿਨ੍ਹਾਂ ਚਿਹਰਿਆਂ ਦੀ ਸਿਆਸੀ ਤੌਰ ਤੇ ਵਰਤੋਂ ਕਰਕੇ ਪੰਜਾਬ ਦੀ ਸੱਤਾ ਚ ਅਜ਼ਾਦੀ ਪਿੱਛੋਂ ਕਾਬਜ਼ ਰਹੀਆਂ ਕਾਂਗਰਸ ਤੇ ਅਕਾਲੀ ਦਲ ਸਮੇਤ ਹੋਰ ਵਿਰੋਧੀ ਧਿਰਾਂ ਹੁਣ ਤੱਕ ਵੀ ਕਥਿਤ ਤੌਰ ਤੇ ਬੇਸ਼ਰਮ ਵਤੀਰੇ ਚ ਵਾਧੂ ਕਚਰਾ, ਬੇਕਾਰ ਮਾਲ ਤੇ ਮਲੰਗ ਐਲਾਨਦੀਆਂ ਆ ਰਹੀਆਂ ਹਨ। ਕਾਂਗਰਸ ਤੇ ਅਕਾਲੀ ਦਲ ਕਥਿਤ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਉਦੋਂ ਪਾਰ ਕਰ ਜਾਂਦੇ ਹਨ, ਜਦੋਂ ਪੰਜਾਬ ਦੇ ਵੋਟਰਾਂ ਦੇ ਸਪਸ਼ਟ ਲੋਕ ਫਤਵੇ ਦਾ ਨਿਰਾਦਰ ਕਰਦਿਆਂ ਚੁਣੇ ਹੋਏ "ਆਪ" ਦੇ ਵਿਧਾਇਕਾਂ ਤੇ ਮੰਤਰੀਆਂ ਨੂੰ ਬੇਕਾਰ ਮਾਲ ਤੇ ਮਲੰਗ ਕਹਿਣ ਤੋਂ ਬਾਜ਼ ਨਹੀਂ ਆ ਰਹੇ। ਸ. ਧਾਲੀਵਾਲ ਨੇ "ਆਪ" ਵਲੋਂ ਸਿਆਸਤ ਚ ਨਵਾਂ ਬਦਲਾਓ ਲਿਆਉਣ ਦੇ ਆਪਣੇ ਕਥਨ ਨੂੰ ਹੋਰ ਸਪਸ਼ਟ ਕੀਤਾ ਤੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਅਕਾਲੀ ਸਫ਼ਾਂ ਤੇ ਮੋਹਰੀ ਸਿਆਸਤ ਕਰ ਰਹੇ ਭੱਟੀ ਜਸਪਾਲ ਸਿੰਘ ਢਿਲੋਂ ਨੂੰ ਨਗਰ ਪੰਚਾਇਤ ਦਾ ਪ੍ਰਧਾਨ, ਕਾਂਗਰਸ ਖੇਮੇ ਦੇ ਅਮਿਤ ਔਲ ਨੂੰ ਸ਼ਹਿਰੀ ਪ੍ਰਧਾਨ ਤੇ ਮੈਡਮ ਗੀਤਾ ਗਿੱਲ ਨੂੰ ਮਹਿਲਾ ਕਮਿਸ਼ਨ ਪੰਜਾਬ ਦੇ ਉਪ ਚੇਅਰਮੈਨ ਸਮੇਤ ਅਜਨਾਲਾ ਹਲਕੇ ਤੋਂ ਹੋਰਨਾਂ ਨਵੇਂ ਚਿਹਰਿਆਂ ਨੂੰ ਕਦਾਚਿੱਤ ਸਿਆਸਤ ਦੇ ਸ਼ਾਨਾਮੱਤੇ ਤੇ ਮਾਣਮੱਤੇ ਅਹੁਦਿਆਂ ਤੇ ਪੁੱਜਣ ਦਾ ਮੌਕਾ ਨਹੀਂ ਸੀ ਮਿਲਣਾ, ਜੇਕਰ "ਆਪ " ਹੋਂਦ ਚ ਨਾ ਆਉਂਦੀ। ਸ. ਧਾਲੀਵਾਲ ਨੇ ਆਪ ਚ ਸ਼ਾਮਲ ਹੋਏ ਸੰਦੀਪ ਕੌਸ਼ਲ ਗੱਟੂ ਦੀਆਂ ਪਿਛਲੇ ਸਮੇਂ ਚ ਹਿੰਦੂ ਧਰਮ ਦੇ ਧਾਰਮਿਕ ਤੇ ਸਮਾਜਿਕ ਸੰਗਠਨਾਂ ਸਮੇਤ ਯੁਵਾ ਫਰੰਟ, ਖੇਡਾਂ ਦੇ ਮੰਚ, ਕਰੋਨਾ ਸਮੇਂ ਤੇ ਹੜ੍ਹਾਂ ਚ ਨਿਭਾਈਆਂ ਨਿਸ਼ਕਾਮ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਹੁਣ ਅਜਨਾਲਾ ਸ਼ਹਿਰੀਆਂ ਨੂੰ ਪਾਰਟੀ ਫਰੰਟ ਤੋਂ ਸ਼ਹਿਰੀ ਹਿੰਦੂ ਤੇ ਸਮੂਹ ਵਰਗਾਂ ਦੇ ਹਰਮਨ ਪਿਆਰੇ ਸ੍ਰੀ ਸੰਦੀਪ ਗੱਟੂ ਮਿਲ ਗਏ ਹਨ। ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਪਿਛਲੀਆਂ ਸਰਕਾਰਾਂ ਦੇ ਪਿਛੜੇਪਨ ਵਜੋਂ ਥਪੇੜਿਆਂ ਦੀ ਮਾਰ ਝਲ ਰਿਹਾ ਅਜਨਾਲਾ ਜਲਦੀ ਹੀ ਵਿਕਸਤ ਸ਼ਹਿਰਾਂ ਦੀ ਕਤਾਰ ਚ ਖੜ੍ਹਾ ਹੋ ਜਾਵੇਗਾ ਕਿਉਂ ਕਿ ਗ੍ਰਾਂਟਾਂ ਦੇ ਖੁੱਲੇ ਗੱਫਿਆਂ ਨਾਲ ਸ਼ਹਿਰੀਆਂ ਨੂੰ ਨਿਰੰਤਰ ਤੇ ਸੁਚਾਰੂ ਬਿਜਲੀ ਸਪਲਾਈ, ਸ਼ੁੱਧ ਪੀਣ ਵਾਲੇ ਪਾਣੀ, ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ, ਵਧੀਆਂ ਸੜਕਾਂ ਆਦਿ ਅਨੇਕਾਂ ਸੁਖ ਸਹੂਲਤਾਂ ਨਾਲ ਭਰਪੂਰ ਕੀਤਾ ਗਿਆ ਹੈ।

# ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਉਪ ਚੋਣ ਲਈ ਸਾਰੇ ਪ੍ਰਬੰਧ ਮੁਕੰਮਲ

## ਜ਼ਿਲ੍ਹਾ ਚੋਣ ਅਧਿਕਾਰੀ ਵੱਲੋਂ ਹਲਕੇ ਦੇ ਸਮੂਹ ਵੋਟਰਾਂ ਨੂੰ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਦੀ ਅਪੀਲ

### ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਪੈਣਗੀਆਂ ਵੋਟਾਂ, ਨਤੀਜਾ 14 ਨਵੰਬਰ ਨੂੰ

ਤਰਨਤਾਰਨ, 10 ਨਵੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ

ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਭਲਕੇ 11 ਨਵੰਬਰ ਨੂੰ ਹੋਣ ਵਾਲੀ ਉਪ ਚੋਣ ਲਈ ਪ੍ਰਬੰਧ ਮੁਕੰਮਲ ਹੋ ਗਏ ਹਨ। ਰਿਟਰਨਿੰਗ ਅਫ਼ਸਰ ਗੁਰਮੀਤ ਸਿੰਘ ਦੀ ਅਗਵਾਈ ਹੇਠ ਸਾਰੀਆਂ ਪੋਲਿੰਗ ਪਾਰਟੀਆਂ ਨੂੰ ਚੋਣ ਸਮੱਗਰੀ ਸਮੇਤ ਇੰਟਰਨੈਸ਼ਨਲ ਕਾਲਜ ਆਫ਼ ਨਰਸਿੰਗ , ਪਿੱਦੀ ਤੋਂ ਰਵਾਨਾ ਕੀਤਾ ਗਿਆ ਜੋ ਅੱਜ ਸ਼ਾਮ ਤੱਕ ਵਿਧਾਨ ਸਭਾ ਹਲਕੇ ਦੇ ਸਾਰੇ ਪੋਲਿੰਗ ਬੂਥਾਂ ਉੱਪਰ ਪਹੁੰਚ ਗਈਆਂ ਹਨ।

11 ਨਵੰਬਰ ਨੂੰ ਹੋ ਰਹੀ ਤਰਨ ਤਾਰਨ ਉਪ ਚੋਣ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਰਾਹੁਲ, ਆਈ.ਏ.ਐੱਸ. ਨੇ ਦੱਸਿਆ ਕਿ ਵੋਟਾਂ ਸਵੇਰੇ 7:00 ਵਜੇ ਤੋਂ ਸ਼ਾਮ 6:00 ਵਜੇ ਤੱਕ ਪੈਣਗੀਆਂ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ 021-ਤਰਨ ਤਾਰਨ ਵਿੱਚ ਵੋਟਰਾਂ ਦੀ ਕੁੱਲ ਗਿਣਤੀ 1,92,838 ਹੈ। ਇਸ ਵਿੱਚ 1,00,933 ਪੁਰਸ਼ ਵੋਟਰ, 91,897 ਮਹਿਲਾ ਵੋਟਰ ਅਤੇ 8 ਤੀਜੇ ਲਿੰਗ ਦੇ ਵੋਟਰ ਸ਼ਾਮਲ ਹਨ। ਇਸ ਤੋਂ ਇਲਾਵਾ ਕੁੱਲ ਸਰਵਿਸ ਵੋਟਰ 1,357, ਜਦਕਿ 85 ਸਾਲ ਦੀ ਉਮਰ ਤੋਂ ਵੱਧ ਵਾਲੇ ਕੁੱਲ ਵੋਟਰਾਂ ਦੀ ਗਿਣਤੀ 1,657 ਹੈ। ਉੱਥੇ ਹੀ ਕੁੱਲ ਐਨ.ਆਰ.ਆਈ ਵੋਟਰ 306 ਅਤੇ ਦਿਵਿਆਂਗ ਵੋਟਰਾਂ ਦੀ ਕੁੱਲ ਗਿਣਤੀ 1,488 ਹੈ। ਇਸ ਦੇ ਨਾਲ ਹੀ 18 ਤੋਂ 19 ਸਾਲ ਦੀ ਉਮਰ ਵਾਲੇ ਵੋਟਰਾਂ ਦੀ ਕੁੱਲ ਗਿਣਤੀ 3,333 ਹੈ। ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਰਾਹੁਲ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਤਰਨ ਤਾਰਨ ਵਿੱਚ 114 ਪੋਲਿੰਗ ਲੋਕੇਸ਼ਨਾਂ ਉੱਪਰ 222 ਪੋਲਿੰਗ ਬੂਥ ਬਣਾਏ ਗਏ ਹਨ ਜਿਨ੍ਹਾਂ ਵਿੱਚ 4 ਮਾਡਲ ਪੋਲਿੰਗ ਬੂਥ ਬਣਾਏ ਗਏ ਹਨ। ਇਸ ਤੋਂ ਇਲਾਵਾ 3 ਪਿੰਕ ਵੂਮੈਨ ਬੂਥ ਬਣਾਏ ਗਏ ਹਨ ਜਿੱਥੇ ਸਾਰਾ ਸਟਾਫ਼ ਮਹਿਲਾਵਾਂ ਲਗਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ 1 ਪੀ.ਡਬਲਿਊ.ਡੀ. ਪੋਲਿੰਗ ਬੂਥ ਵੀ ਬਣਾਇਆ ਗਿਆ ਹੈ। ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਸਾਰੇ 222 ਪੋਲਿੰਗ ਸਟੇਸ਼ਨਾਂ ‘ਤੇ ਲਾਜ਼ਮੀ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪੀ.ਡਬਲਿਊ.ਡੀ. ਅਤੇ ਸੀਨੀਅਰ ਸਿਟੀਜ਼ਨ ਵੋਟਰਾਂ ਦੀ ਸਹਾਇਤਾ ਲਈ ਹਰ ਪੋਲਿੰਗ ਬੂਥ ਉੱਪਰ ਵਲੰਟੀਅਰ ਵੀ ਤਾਇਨਾਤ ਕੀਤੇ ਗਏ ਹਨ।

ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਰਾਹੁਲ ਨੇ ਕਿਹਾ ਕਿ 021-ਤਰਨ ਤਾਰਨ ਉਪ ਚੋਣ ਦੇ ਮੱਦੇਨਜ਼ਰ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਕੌਮਾਂਤਰੀ ਸਰਹੱਦ ਨਾਲ ਲੱਗਦੇ ਜ਼ਿਲ੍ਹਾ ਤਰਨਤਾਰਨ ਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਦੀ ਮਸ਼ੀਨਰੀ ਰਾਹੀਂ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕੇ ਵਿੱਚ ਪੰਜਾਬ ਪੁਲਿਸ ਦੇ ਨਾਲ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੀਆਂ 12 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ।



## ਤਰਨਤਾਰਨ ਹਲਕਾ ਦੇ 3 ਪਿੰਕ ਵੂਮੈਨ ਬੂਥ ਬਣਾਏ ਗਏ

## ਵਿਧਾਨ ਸਭਾ ਹਲਕਾ ਤਰਨ ਤਾਰਨ ਵਿੱਚ 114 ਪੋਲਿੰਗ ਲੋਕੇਸ਼ਨਾਂ ਉੱਪਰ 222 ਪੋਲਿੰਗ ਬੂਥ ਬਣਾਏ ਗਏ ਹਨ

ਉਨ੍ਹਾਂ ਇਹ ਵੀ ਦੱਸਿਆ ਕਿ ਤਾਇਨਾਤੀ ਯੋਜਨਾ ਅਨੁਸਾਰ 222 ਪੋਲਿੰਗ ਸਟੇਸ਼ਨਾਂ ਨੂੰ ਕਵਰ ਕਰਦੇ ਹੋਏ, ਸਾਰੇ 114 ਪੋਲਿੰਗ ਸਟੇਸ਼ਨ ਸਥਾਨਾਂ ਉੱਤੇ ਕੇਂਦਰੀ ਬਲਾਂ ਦੇ ਜਵਾਨ ਤਾਇਨਾਤ ਰਹਿਣਗੇ। ਇਸ ਤੋਂ ਇਲਾਵਾ ਸਾਰੇ ਪੋਲਿੰਗ ਸਟੇਸ਼ਨਾਂ ਉੱਤੇ ਸੀਸੀਟੀਵੀ ਕੈਮਰੇ ਅਤੇ ਵੈਬਕਾਸਟਿੰਗ ਦੀ ਵਿਵਸਥਾ ਹੋਵੇਗੀ, ਜਿਨ੍ਹਾਂ ਦੀ ਨਿਗਰਾਨੀ ਜ਼ਿਲ੍ਹਾ ਚੋਣ ਅਧਿਕਾਰੀ, ਰੀਟਰਨਿੰਗ ਅਧਿਕਾਰੀ ਅਤੇ ਮੁੱਖ ਚੋਣ ਅਧਿਕਾਰੀ ਪੱਧਰ `ਤੇ ਚੋਣ ਕਮਿਸ਼ਨ ਦੀ ਦੇਖਰੇਖ ਹੇਠ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੇ ਸੰਵੇਦਨਸ਼ੀਲ ਪੋਲਿੰਗ ਸਟੇਸ਼ਨ ਸਥਾਨਾਂ ਨੂੰ 46 ਮਾਈਕ੍ਰੋ ਅਬਜ਼ਰਵਰ ਵੀ ਲਗਾਏ ਗਏ ਹਨ।

ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਇੰਟਰਨੈਸ਼ਨਲ ਕਾਲਜ ਆਫ਼ ਨਰਸਿੰਗ, ਪਿੱਦੀ ਵਿਖੇ ਈ.ਵੀ.ਐੱਮ. ਦਾ ਸਟਰਾਂਗ ਰੂਮ ਬਣਾਇਆ ਗਿਆ ਹੈ ਅਤੇ ਇਥੇ ਹੀ 14 ਨਵੰਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਰਾਹੁਲ ਨੇ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 11 ਨਵੰਬਰ ਨੂੰ ਸਵੇਰੇ 7.00 ਵਜੇ ਤੋਂ ਸ਼ਾਮ 6.00 ਵਜੇ ਤੱਕ ਹੋਣ ਵਾਲੀ ਵੋਟਿੰਗ ਦੌਰਾਨ ਨਿਡਰਤਾ ਨਾਲ ਅੱਗੇ ਆ ਕੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ।

## *ਤਰਨਤਾਰਨ ਵਿੱਚ ਇਮਾਨਦਾਰ ਸ਼ਾਸਨ ਅਤੇ ਵਿਕਾਸ-ਮੁਖੀ ਰਾਜਨੀਤੀ ਦਾ ਕਰੋ ਸਮਰਥਨ- ਭੁੱਲਰ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 10 ਨਵੰਬਰ

ਤਰਨਤਾਰਨ ਜਿਮਨੀ ਚੋਣ ਤੋਂ ਪਹਿਲਾਂ, ਪੰਜਾਬ ਦੇ ਟਰਾਂਸਪੋਰਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਲਾਲਜੀਤ ਸਿੰਘ ਭੁੱਲਰ ਨੇ ਤਰਨਤਾਰਨ ਦੇ ਲੋਕਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਅਧੀਨ ਵਿਕਾਸ, ਇਮਾਨਦਾਰੀ ਅਤੇ ਭ੍ਰਿਸ਼ਟਾਚਾਰ-ਮੁਕਤ ਭਵਿੱਖ ਲਈ ਵੋਟ ਪਾਉਣ ਦੀ ਅਪੀਲ ਕੀਤੀ।ਭੁੱਲਰ ਨੇ ਕਿਹਾ ਕਿ 'ਆਪ' ਸਰਕਾਰ ਨੇ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਪੰਜਾਬ ਵਿੱਚ ਪਾਰਦਰਸ਼ਤਾ ਅਤੇ ਲੋਕ-ਪਹਿਲਾਂ ਸ਼ਾਸਨ ਲਿਆਉਣ ਲਈ ਅਣਥੱਕ ਮਿਹਨਤ ਕੀਤੀ ਹੈ, ਖਾਸ ਕਰਕੇ ਟਰਾਂਸਪੋਰਟ ਖੇਤਰ ਵਿੱਚ। ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ, ਸੂਬੇ ਨੇ ਦਹਾਕਿਆਂ ਪੁਰਾਣੇ ਟਰਾਂਸਪੋਰਟ ਮਾਫੀਆ ਨੂੰ ਖਤਮ ਕਰਨ ਤੋਂ ਲੈ ਕੇ ਔਰਤਾਂ ਲਈ ਮੁਫਤ ਬੱਸ ਯਾਤਰਾ ਯਕੀਨੀ ਬਣਾਉਣ ਤੱਕ, ਇਨਕਲਾਬੀ ਸੁਧਾਰ ਦੇਖੇ ਹਨ, ਜਿਸ ਨੇ ਪੰਜਾਬ ਭਰ ਵਿੱਚ ਲੱਖਾਂ ਭੈਣਾਂ ਅਤੇ ਮਾਵਾਂ ਨੂੰ ਸਸ਼ਕਤ ਬਣਾਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਰਾਜਨੀਤਿਕ ਮਾਫੀਆ ਦੁਆਰਾ ਚਲਾਏ ਜਾ ਰਹੇ ਗੈਰ-ਕਾਨੂੰਨੀ ਬੱਸ ਸੰਚਾਲਨਾਂ ਨੂੰ ਖਤਮ ਕਰਕੇ, ਮਾਨ ਸਰਕਾਰ ਨੇ ਨਾ ਸਿਰਫ ਆਵਾਜਾਈ ਪ੍ਰਣਾਲੀ ਵਿੱਚ ਕਾਨੂੰਨ ਵਿਵਸਥਾ ਬਹਾਲ ਕੀਤੀ ਹੈ ਬਲਕਿ ਸਰਕਾਰ ਦੇ ਮਾਲੀਏ ਵਿੱਚ ਵੀ ਕਾਫ਼ੀ ਵਾਧਾ ਕੀਤਾ ਹੈ।ਤਰਨਤਾਰਨ ਦੇ ਲੋਕਾਂ ਨੂੰ ਸੁਚੇਤ ਹੋ ਕੇ ਵੋਟ ਪਾਉਣ ਦਾ ਸੱਦਾ ਦਿੰਦੇ ਹੋਏ ਭੁੱਲਰ ਨੇ ਕਿਹਾ, "ਇਹ ਚੋਣ ਸਿਰਫ਼ ਇੱਕ ਉਮੀਦਵਾਰ ਬਾਰੇ ਨਹੀਂ ਹੈ, ਇਹ ਦਹਾਕਿਆਂ ਦੇ ਭ੍ਰਿਸ਼ਟਾਚਾਰ ਅਤੇ ਭਗਵੰਤ ਮਾਨ ਦੇ ਇਮਾਨਦਾਰ ਸ਼ਾਸਨ ਵਿੱਚੋਂ ਇੱਕ ਦੀ ਚੋਣ ਕਰਨ ਬਾਰੇ ਹੈ। ਉਸ ਪਾਰਟੀ ਨੂੰ ਵੋਟ ਦਿਓ ਜੋ ਪੰਜਾਬ ਨੂੰ ਬਦਲ ਰਹੀ ਹੈ।

## ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਵੋਟਰਾਂ ਨੂੰ ਕੀਤੀ ਅਪੀਲ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 10 ਨਵੰਬਰ

ਤਰਨਤਾਰਨ ਜਿਮਨੀ ਚੋਣ ਦੀ ਪੂਰਵ ਸੰਧਿਆ 'ਤੇ, ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਸਾਰੇ ਵੋਟਰਾਂ ਨੂੰ ਕੱਲ੍ਹ (11 ਨਵੰਬਰ) ਵੱਡੀ ਗਿਣਤੀ ਵਿੱਚ ਬਾਹਰ ਆਉਣ ਅਤੇ ਜ਼ਿੰਮੇਵਾਰੀ ਨਾਲ ਵੋਟ ਪਾਉਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ।

ਸੰਧੂ ਨੇ ਤਰਨਤਾਰਨ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀ ਵੋਟ ਪਾਉਣ। ਸੰਧੂ ਨੇ ਕਿਹਾ ਕਿ ਕੱਲ੍ਹ ਦੀ ਵੋਟ ਸਿਰਫ਼ ਇੱਕ ਵਿਧਾਇਕ ਨੂੰ ਚੁਣਨ ਬਾਰੇ ਨਹੀਂ ਹੈ, ਇਹ ਤਰਨਤਾਰਨ ਦੀ ਤਰੱਕੀ ਦੀ ਦਿਸ਼ਾ ਨਿਰਧਾਰਤ ਕਰਨ ਬਾਰੇ ਹੈ। ਹਰ ਵੋਟ ਸਾਡੇ ਨੌਜਵਾਨਾਂ, ਸਾਡੇ ਕਿਸਾਨਾਂ ਅਤੇ ਸਾਡੇ ਪਰਿਵਾਰਾਂ ਦੇ ਭਵਿੱਖ ਨੂੰ ਆਕਾਰ ਦੇਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਪਹਿਲਾਂ ਹੀ ਸਾਬਤ ਕਰ ਚੁੱਕੀ ਹੈ ਕਿ ਇਮਾਨਦਾਰ ਰਾਜਨੀਤੀ ਬਿਹਤਰ ਸਕੂਲ, ਮੁਹੱਲਾ ਕਲੀਨਿਕ, ਨਵੇਂ ਰੁਜ਼ਗਾਰ ਦੇ ਮੌਕੇ ਅਤੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦੇ ਨਾਲ ਅਸਲ ਤਬਦੀਲੀ ਲਿਆ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਤਰਨਤਾਰਨ ਦੀ ਵਾਰੀ ਹੈ ਕਿ ਉਹ ਵਿਕਾਸ ਦੀ ਲਹਿਰ ਵਿੱਚ ਸ਼ਾਮਲ ਹੋਣ ਅਤੇ ਇਹ ਯਕੀਨੀ ਬਣਾਉਣ ਕਿ ਮਾਨ ਸਰਕਾਰ ਦਾ ਕੰਮ ਹਰ ਘਰ ਤੱਕ ਪਹੁੰਚੇ।ਸੰਧੂ ਨੇ ਲੋਕਾਂ ਨੂੰ ਵੰਡਣ ਵਾਲੀ ਰਾਜਨੀਤੀ ਨੂੰ ਰੱਦ ਕਰਨ ਅਤੇ ਇਮਾਨਦਾਰੀ ਅਤੇ ਤਰੱਕੀ ਦੀ ਰਾਜਨੀਤੀ ਦਾ ਸਮਰਥਨ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਆਪਣੀ ਵੋਟ ਨੂੰ ਵਿਕਾਸ ਅਤੇ ਤਰਨ ਤਾਰਨ ਦੇ ਉੱਜਵਲ ਭਵਿੱਖ ਲਈ ਆਵਾਜ਼ ਬਣਨ ਦਿਓ।ਉਨ੍ਹਾਂ ਵੋਟਰਾਂ, ਖਾਸ ਕਰਕੇ ਨੌਜਵਾਨਾਂ ਅਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਨੂੰ ਸਵੇਰੇ ਜਲਦੀ ਬਾਹਰ ਨਿਕਲਣ ਅਤੇ ਇਸ ਜਿਮਨੀ ਚੋਣ ਵਿੱਚ ਰਿਕਾਰਡ ਭਾਗੀਦਾਰੀ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਆਓ ਮਿਲ ਕੇ, ਤਰਨ ਤਾਰਨ ਨੂੰ ਲੋਕ-ਸੰਚਾਲਿਤ ਵਿਕਾਸ ਦਾ ਇੱਕ ਮਾਡਲ ਬਣਾਈਏ।

## ਸੂਬਾ ਸਰਕਾਰ ਦੇ ਸਾਢੇ ਤਿੰਨ ਸਾਲ 'ਚ ਤਰਨ ਤਾਰਨ ਜ਼ਿਲ੍ਹੇ 'ਚ ਬਦਲੇ ਗਏ 8 ਐਸ.ਐਸ.ਪੀ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 10 ਨਵੰਬਰ

ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਪੰਜਾਬ ਦੇ ਸਰਹੱਦੀ ਅਤੇ ਸੰਵੇਦਨਸ਼ੀਲ ਜ਼ਿਲ੍ਹੇ ਤਰਨ ਤਾਰਨ ਵਿੱਚ ਇੱਕ ਵਾਰ ਫਿਰ ਪੁਲਿਸ ਲੀਡਰਸ਼ਿਪ ਬਦਲ ਗਈ ਹੈ। ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਸਾਢੇ ਤਿੰਨ ਸਾਲਾਂ ਦੌਰਾਨ, ਜ਼ਿਲ੍ਹੇ ਨੇ ਪਹਿਲਾਂ ਹੀ 9 ਸੀਨੀਅਰ ਪੁਲਿਸ ਸੁਪਰਡੈਂਟਾਂ ਨੂੰ ਦੇਖਿਆ ਹੈ।ਸ਼ਨੀਵਾਰ ਨੂੰ, ਚੋਣ ਕਮਿਸ਼ਨ ਨੇ ਸੁਰੇਂਦਰ ਲਾਂਬਾ ਨੂੰ ਤਰਨ ਤਾਰਨ ਦਾ ਨਵਾਂ ਸੀਨੀਅਰ ਪੁਲਿਸ ਸੁਪਰਡੈਂਟ ਨਿਯੁਕਤ ਕਰਨ ਦਾ ਆਦੇਸ਼ ਜਾਰੀ ਕੀਤਾ।ਇਸ ਸਰਹੱਦੀ ਜ਼ਿਲ੍ਹੇ ਵਿੱਚ ਪਹਿਲਾਂ ਸੀਨੀਅਰ ਪੁਲਿਸ ਸੁਪਰਡੈਂਟਾਂ ਵਜੋਂ ਸੇਵਾ ਨਿਭਾਉਣ ਵਾਲੇ ਅਧਿਕਾਰੀਆਂ ਵਿੱਚ ਦੀਪਕ ਪਾਰੀਖ, ਅਭਿਮਨਿਊ ਰਾਣਾ, ਗੌਰਵ ਤੂਰਾ, ਗੁਰਮੀਤ ਸਿੰਘ ਚੌਹਾਨ, ਰਣਜੀਤ ਸਿੰਘ ਢਿੱਲੋਂ, ਅਸ਼ਵਨੀ ਕਪੂਰ, ਗੁਰਪ੍ਰੀਤ ਸਿੰਘ ਭੁੱਲਰ, ਰਵਜੋਤ ਕੌਰ ਗਰੇਵਾਲ ਅਤੇ ਹੁਣ ਸੁਰੇਂਦਰ ਲਾਂਬਾ ਸ਼ਾਮਲ ਹਨ।ਵਾਰ-ਵਾਰ ਹੋ ਰਹੇ ਤਬਾਦਲੇ ਤਰਨ ਤਾਰਨ ਵਿੱਚ ਪੁਲਿਸ ਪ੍ਰਸ਼ਾਸਨ ਦੀ ਸਥਿਰਤਾ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਰਹੇ ਹਨ। ਇਹ ਦੇਖਣਾ ਬਾਕੀ ਹੈ ਕਿ ਸੁਰੇਂਦਰ ਲਾਂਬਾ ਕਿੰਨੀ ਦੇਰ ਤੱਕ ਆਪਣੀਆਂ ਡਿਊਟੀਆਂ ਨਿਭਾ ਸਕਣਗੇ। ਸਰਹੱਦੀ ਸਥਿਤੀ ਅਤੇ ਰਾਜਨੀਤਿਕ ਦਖਲਅੰਦਾਜ਼ੀ ਕਾਰਨ, ਤਰਨਤਾਰਨ ਵਿੱਚ ਸਥਾਈ ਪੁਲਿਸ ਲੀਡਰਸ਼ਿਪ ਸਥਾਪਤ ਕਰਨਾ ਮੁਸ਼ਕਲ ਸਾਬਤ ਹੋਇਆ ਹੈ। ਇੱਥੇ ਤਬਾਦਲੇ ਅਕਸਰ ਰਾਜਨੀਤਿਕ ਵਿਵਾਦਾਂ ਅਤੇ ਜਨਤਕ ਪ੍ਰਤੀਨਿਧੀਆਂ ਨਾਲ ਟਕਰਾਅ ਕਾਰਨ ਹੁੰਦੇ ਹਨ।ਰਵਜੋਤ ਕੌਰ ਗਰੇਵਾਲ ਤਰਨਤਾਰਨ ਦੀ ਪਹਿਲੀ ਮਹਿਲਾ ਸੀਨੀਅਰ ਪੁਲਿਸ ਸੁਪਰਡੈਂਟ ਸੀ, ਜਿਸਨੇ 11 ਸਤੰਬਰ, 2025 ਨੂੰ ਚਾਰਜ ਸੰਭਾਲਿਆ, ਪਰ ਉਨ੍ਹਾਂ ਦਾ ਕਾਰਜਕਾਲ ਦੋ ਮਹੀਨਿਆਂ ਤੋਂ ਵੀ ਘੱਟ ਸਮੇਂ ਤੱਕ ਚੱਲਿਆ। ਇਹ ਕਾਰਵਾਈ ਚੋਣ ਕਮਿਸ਼ਨ ਵਲੋ ਅਕਾਲੀ ਦਲ ਦੀ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਸੀ।

## ਖੁੱਡੀਆਂ ਨੇ ਕਿਸਾਨਾਂ ਦੇ ਨਾਲ ਖੜ੍ਹੀ ਪਾਰਟੀ ਅਤੇ ਪੰਜਾਬ ਦੇ ਵਾਤਾਵਰਣ ਦੀ ਪਰਵਾਹ ਕਰਨ ਵਾਲੀ ਪਾਰਟੀ ਦਾ ਸਮਰਥਨ ਕਰਨ ਦੀ ਕੀਤੀ ਅਪੀਲ



**ਗੁਰਪ੍ਰੀਤ ਸਿੰਘ ਕੱਦ ਗਿੱਲ | ਤਰਨਤਾਰਨ, 10 ਨਵੰਬਰ**

ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ 85% ਤੱਕ ਘਟਾਉਣ ਵਿੱਚ ਪੰਜਾਬ ਦੇ ਕਿਸਾਨਾਂ ਦੀ ਸ਼ਾਨਦਾਰ ਪ੍ਰਾਪਤੀ ਦੀ ਸ਼ਲਾਘਾ ਕੀਤੀ।ਖੁੱਡੀਆਂ ਨੇ ਕਿਹਾ ਕਿ ਇਹ ਤਬਦੀਲੀ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਦਰਸ਼ੀ ਅਗਵਾਈ ਅਤੇ ਪੰਜਾਬ ਦੇ ਕਿਸਾਨਾਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ, ਜਿਨ੍ਹਾਂ ਨੇ ਵਾਤਾਵਰਣ ਦੀ ਚੁਣੌਤੀ ਨੂੰ ਨਵੀਨਤਾ ਅਤੇ ਆਮਦਨ ਦੇ ਮੌਕੇ ਵਿੱਚ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਹੁਣ ਸਿਰਫ਼ ਫ਼ਸਲਾਂ ਹੀ ਨਹੀਂ ਉਗਾ ਰਹੇ, ਸਗੋਂ ਹੱਲ ਵੀ ਕੱਢ ਰਹੇ ਹਨ। ਮਾਨ ਸਰਕਾਰ ਦੇ ਅਧੀਨ, ਝੋਨੇ ਦੀ ਪਰਾਲੀ ਨੂੰ ਹੁਣ ਥਰਮਲ ਪਲਾਂਟਾਂ ਲਈ ਬਾਇਓਮਾਸ ਬਾਲਣ ਵਜੋਂ ਵਰਤਿਆ ਜਾ ਰਿਹਾ ਹੈ, ਜਿਸ ਨਾਲ ਉੱਤਰੀ ਭਾਰਤ ਵਿੱਚ ਪ੍ਰਦੂਸ਼ਣ ਦੇ ਪੱਧਰ ਨੂੰ ਘਟਾਉਂਦੇ ਹੋਏ ਕਿਸਾਨਾਂ ਲਈ ਵਾਧੂ ਆਮਦਨ ਪੈਦਾ ਹੋ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨਾਂ ਨੂੰ ਮਸ਼ੀਨਰੀ, ਜਾਗਰੂਕਤਾ ਮੁਹਿੰਮਾਂ ਅਤੇ ਫਸਲਾਂ ਦੀ ਰਹਿੰਦ-ਖੂੰਹਦ ਲਈ ਮਾਰਕੀਟ ਲਿੰਕੇਜ ਨਾਲ ਸਮਰਥਨ ਕਰਕੇ, 'ਆਪ' ਸਰਕਾਰ ਨੇ ਸਾਬਤ ਕੀਤਾ ਹੈ ਕਿ ਵਾਤਾਵਰਣ ਸੁਰੱਖਿਆ ਅਤੇ ਖੇਤੀਬਾੜੀ ਵਿਕਾਸ ਨਾਲ-ਨਾਲ ਚੱਲ ਸਕਦੇ ਹਨ।ਖੁੱਡੀਆਂ ਨੇ ਤਰਨਤਾਰਨ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਅਸਲ ਨਤੀਜੇ ਦੇਣ ਵਾਲੀ ਸਰਕਾਰ ਦੇ ਨਾਲ ਖੜ੍ਹੇ ਹੋਣ। ਉਨ੍ਹਾਂ ਕਿਹਾ ਕਿ ਤਰਨਤਾਰਨ ਨੂੰ ਪ੍ਰਦੂਸ਼ਣ ਦੀ ਨਹੀਂ, ਸਗੋਂ ਤਰੱਕੀ ਦੀ ਰਾਜਨੀਤੀ ਲਈ ਵੋਟ ਪਾਉਣੀ ਚਾਹੀਦੀ ਹੈ। 'ਆਪ' ਨੂੰ ਵੋਟ ਕਿਸਾਨ, ਸਾਫ਼ ਹਵਾ ਅਤੇ ਖੁਸ਼ਹਾਲ ਪੰਜਾਬ ਲਈ ਵੋਟ ਹੈ।

# ਜਨਮਦਿਨ ਦੀਆਂ ਮੁਬਾਰਕਾਂ



ਨਵਰਾਜਦੀਪ ਸਿੰਘ
ਪਿਤਾ : ਜੁਗਰਾਜ ਸਿੰਘ
ਮਾਤਾ : ਕੁਲਵੰਤ ਕੌਰ
ਵਾਸੀ : ਚੀਮਾਂ ਕਲਾਂ
ਤਹਿਸੀਲ ਪੱਟੀ
ਜਿਲ੍ਹਾ ਤਰਨ ਤਾਰਨ।

### ਮੰਤਰੀ ਤਰੁਣਪ੍ਰੀਤ ਸੌਂਧ ਨੇ ਤਰਨਤਾਰਨ ਦੇ ਵੋਟਰਾਂ ਨੂੰ ਹਰਮੀਤ ਸੰਧੂ ਦਾ ਸਮਰਥਨ ਕਰਨ ਦੀ ਅਪੀਲ ਕੀਤੀ



ਤਰਨਤਾਰਨ, 10 ਨਵੰਬਰ (ਗੁਰਪ੍ਰੀਤ ਸਿੰਘ ਕੱਦ ਗਿੱਲ) ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਅੱਜ ਭਗਵੰਤ ਮਾਨ ਸਰਕਾਰ ਦੀ ਸਮਾਨਤਾ ਅਤੇ ਮਨੁੱਖਤਾ 'ਤੇ ਅਧਾਰਤ ਸ਼ਾਸਨ ਦਾ ਇੱਕ ਨਵਾਂ ਮਾਡਲ ਸਥਾਪਤ ਕਰਨ ਲਈ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਸੱਚਮੁੱਚ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ 'ਤੇ ਖਰੀ ਉਤਰੀ ਹੈ, ਕਿ ਕੋਈ ਵੀ ਦੁਸ਼ਮਣ ਨਹੀਂ ਹੈ, ਅਤੇ ਪਰਮਾਤਮਾ ਦੀਆਂ ਨਜ਼ਰਾਂ ਵਿੱਚ ਸਾਰੇ ਬਰਾਬਰ ਹਨ।ਸੌਂਧ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਕਿਵੇਂ ਮਾਨ ਸਰਕਾਰ ਰਾਜਨੀਤੀ ਤੋਂ ਪਰੇ ਜਾ ਕੇ ਸਮਾਜ ਦੇ ਹਰ ਵਰਗ ਦੀ ਸੇਵਾ ਕਰ ਰਹੀ ਹੈ, ਭਾਵੇਂ ਉਹ ਧਰਮ ਜਾਂ ਜਾਤ ਦੀ ਹੋਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ, ਸਾਰੇ ਧਰਮਾਂ, ਸਿੱਖ, ਹਿੰਦੂ, ਮੁਸਲਮਾਨ ਅਤੇ ਈਸਾਈ, ਦੇ ਲੋਕਾਂ ਨੂੰ ਉਨ੍ਹਾਂ ਦੇ ਪਵਿੱਤਰ ਸਥਾਨਾਂ ਦੀ ਮੁਫਤ ਯਾਤਰਾ 'ਤੇ ਲਿਜਾਇਆ ਜਾ ਰਿਹਾ ਹੈ। ਇਹ ਸਿਰਫ਼ ਇੱਕ ਧਾਰਮਿਕ ਪਹਿਲ ਨਹੀਂ ਹੈ, ਸਗੋਂ ਏਕਤਾ ਅਤੇ ਆਪਸੀ ਸਤਿਕਾਰ ਦਾ ਸੰਦੇਸ਼ ਹੈ। ਮੰਤਰੀ ਨੇ ਕਿਹਾ ਕਿ ਸਰਕਾਰ ਨੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਵੀ ਸ਼ੁਰੂਆਤ ਕੀਤੀ ਹੈ ਅਤੇ 6.65 ਲੱਖ ਤੋਂ ਵੱਧ ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਨੂੰ 693 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ, ਜਿਸ ਨਾਲ ਸਾਰਿਆਂ ਲਈ ਮਾਣ ਅਤੇ ਸਮਾਜਿਕ ਸੁਰੱਖਿਆ ਯਕੀਨੀ ਬਣਾਈ ਜਾ ਸਕੇ।ਸੌਂਧ ਨੇ ਕਿਹਾ ਕਿ ਤਰਨਤਾਰਨ ਵਿੱਚ ਸੇਵਾ ਅਤੇ ਸਮਾਨਤਾ ਦੀ ਇਹ ਭਾਵਨਾ ਜਾਰੀ ਰਹਿਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ੍ਰਇਹ ਚੋਣ ਨਫ਼ਰਤ ਦੀ ਬਜਾਏ ਮਨੁੱਖਤਾ, ਵੰਡ ਦੀ ਬਜਾਏ ਸਮਾਨਤਾ ਨੂੰ ਚੁਣਨ ਬਾਰੇ ਹੈ। ਮਾਨ ਸਰਕਾਰ ਨੇ ਸਾਰਿਆਂ ਲਈ ਕੰਮ ਕੀਤਾ ਹੈ, ਹੁਣ ਤਰਨਤਾਰਨ ਲਈ ਇਸ ਇਮਾਨਦਾਰ, ਲੋਕ-ਕੇਂਦ੍ਰਿਤ ਸ਼ਾਸਨ ਨੂੰ ਮਜ਼ਬੂਤ ਕਰਨ ਦਾ ਸਮਾਂ ਆ ਗਿਆ ਹੈ।